# ਮਿੱਟੀ ਦੇ ਸੁਆਲ

**ਇਸੇ ਕਲਮ ਤੋਂ :**

1. ਤਿਲ ਦਾ ਮੁੱਲ (ਕਾਵਿ ਸੰਗ੍ਰਹਿ)
2. ਜ਼ਿੰਦਗੀ ਦਾ ਡੁੱਲ (ਕਾਵਿ ਸੰਗ੍ਰਹਿ)
3. ਅਜੇ ਮੂੰਹ ਹਨੇਰ ਹੈ (ਕਾਵਿ ਸੰਗ੍ਰਹਿ)
4. ਤੁਸੀਂ ਕਦੋਂ ਉਦਾਸ ਹੋਵੋਗੇ ? (ਕਾਵਿ ਸੰਗ੍ਰਹਿ)

# ਮਿੱਟੀ ਦੇ ਸੁਆਲ

ਖੁਸ਼ਹਾਲ ਸਿੰਘ ਨਾਗਾ 'ਬੇਜਾਰ'

**Mitti De Swal**

*By*

**Khushhal Singh Naga 'Bezar'**
H.No. 2861, Sector 40-C, Chandigarh
Ph. 0172-2695498, M: 94176-02861

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan, Ludhiana
98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

**ਸਮਰਪਣ ਉਹਨਾਂ ਲੋਕਾਂ ਨੂੰ**

1. ਜਿਨ੍ਹਾਂ ਨੂੰ ਸਮਾਜ ਜਿਊਣ ਨਹੀਂ ਦਿੰਦਾ;
2. ਜਿਨ੍ਹਾਂ ਨੂੰ ਅਮੀਰ ਲੋਕ ਸ਼ੋਸ਼ਣ ਦਾ ਸਮਾਨ ਮੰਨਦੇ ਹਨ;
3. ਹਰ ਉਸ ਅੰਤਹਕਰਨ ਨੂੰ ਜੋ ਇਨ੍ਹਾਂ ਲੋਕਾਂ ਲਈ ਜਾਗਦਾ ਹੈ;

## ਸਮਾਜਿਕ ਦਵੰਦਾਂ ਨਾਲ ਵਿਚਾਰਧਾਰਕ ਸਬੰਧ ਬਣਾਉਂਦੀ ਕਵਿਤਾ :

# ਮਿੱਟੀ ਦੇ ਸੁਆਲ

ਖੁਸ਼ਹਾਲ ਸਿੰਘ ਨਾਗਾ 'ਬੇਜ਼ਾਰ' ਨਵੀਂ ਪੰਜਾਬੀ ਕਵਿਤਾ ਦਾ ਸੰਵੇਦਨਸ਼ੀਲ ਸ਼ਾਇਰ ਹੈ । ਇਸ ਹੱਥਲੇ ਕਾਵਿ-ਸੰਗ੍ਰਹਿ 'ਮਿੱਟੀ ਦੇ ਸੁਆਲ' ਤੋਂ ਪਹਿਲਾਂ ਉਸ ਅਜਿਹੇ ਚਾਰ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕਰਵਾਕੇ ਪੰਜਾਬੀ ਸਾਹਿਤ-ਖੇਤਰ ਵਿੱਚ ਆਪਣੀ ਥਾਂ ਬਣਾਈ ਹੈ । ਆਪਣੀ ਪ੍ਰੌੜ ਉਮਰੇ ਵੀ ਕਾਵਿ-ਦੇਵੀ (muse) ਦਾ ਉਪਾਸ਼ਕ ਬਣਕੇ ਉਸਨੇ ਅਪਵਾਦਕ ਕਾਰਜ ਕੀਤਾ ਹੈ । ਨਵੇਂ ਉਠਦੇ ਲੇਖਕਾਂ ਵਾਂਗ ਉਸਨੇ ਕਵਿਤਾ ਤੋਂ ਛੁੱਟ ਸਾਹਿਤ ਦੇ ਹੋਰ ਰੂਪਾਂ ਉੱਤੇ ਕਲਮ-ਅਜ਼ਮਾਈ ਨਹੀਂ ਕੀਤੀ ਜਿਸ ਕਰਕੇ ਉਸਦੀ ਕਾਵਿ-ਸਾਧਨਾ ਵਿੱਚ ਗਹਿਰਾਈ ਤੇ ਗੰਭੀਰਤਾ ਦੇ ਸਾਫ ਸੰਕੇਤ ਮਿਲਦੇ ਹਨ । ਉਹ ਠੋਸ ਤੇ ਸਾਬਤ-ਕਦਮੀ ਕਾਵਿ ਡਗਰ 'ਤੇ ਤੁਰਿਆ ਹੋਇਆ ਹੈ । ਇਸ ਡਗਰ ਦੇ ਆਪਣੇ ਪੰਜਵੇਂ ਪੜਾਅ ਦੀ ਯਾਤਰਾ ਦੇ ਵਿਭਿੰਨ ਸਰੋਕਾਰਾਂ ਅਤੇ ਦ੍ਰਿਸ਼ਾਂ ਨੂੰ ਉਸਨੇ ਕਾਵਿਕ ਜ਼ੁਬਾਨ ਦਿੱਤੀ ਹੈ । ਇਸ ਕਾਵਿਕ ਜ਼ੁਬਾਨ ਵਿਚਲੀ ਅਮੀਰੀ ਤੇ ਸ਼ਾਇਸਤਗੀ ਉਸਦੇ ਪੰਜਵੇਂ ਕਾਵਿ-ਸੰਕਲਨ "ਮਿੱਟੀ ਦੇ ਸੁਆਲ" ਵਿੱਚ ਭਲੀਭਾਂਤ ਮੂਰਤੀਮਾਨ ਹੁੰਦੀ ਹੈ ।

ਅਜੋਕੀ ਨਵੀਂ ਪੰਜਾਬੀ ਕਾਵਿ-ਸੰਵੇਦਨਾ ਤੇ ਸੁਹਜ ਵਿੱਚ 'ਬੇਜ਼ਾਰ' ਦੀ ਕਾਵਿ-ਦ੍ਰਿਸ਼ਟੀ ਇਸ ਪੱਖੋਂ ਨਵੀਆਂ ਪੈੜਾਂ ਪਾਉਂਦੀ ਹੈ ਕਿ ਸਮਾਜਿਕ ਸਰੋਕਾਰਾਂ, ਸਬੰਧਾਂ-ਦਵੰਦਾਂ ਦੇ ਕਾਵਿ-ਬਿੰਬ ਸਿਰਜਨ ਦਾ ਯੁਗਾਂ-ਯੁਗਾਤਰਾਂ ਤੋਂ ਚਲਦਾ ਆ ਰਿਹਾ ਕਲਾ-ਪ੍ਰਯੋਜਨ/ ਰੁਝਾਨ ਅਜੇ ਵੀ ਪ੍ਰਸੰਗਯੁਕਤ ਹੈ । ਇਸ ਪ੍ਰਯੋਜਨ/ਰੁਝਾਨ ਤਹਿਤ ਘੱਟ ਗਿਣਤੀ 'ਚ ਲਿਖ ਰਹੇ ਨਵੇਂ ਪੰਜਾਬੀ ਕਵੀਆਂ ਵਿੱਚ 'ਬੇਜ਼ਾਰ' ਦਾ ਨਾਂ ਵੀ ਸ਼ੁਮਾਰ ਹੁੰਦਾ ਹੈ ਤੇ ਸਮਾਨਾਂਤਰ ਰੁਝਾਨਾਂ ਹੇਠ ਲਿਖੀ ਜਾ ਰਹੀ ਨਵੀਂ ਪੰਜਾਬੀ ਕਵਿਤਾ ਵਿੱਚ ਵੀ ਇਜ਼ਾਫਾ ਹੁੰਦਾ ਹੈ । "ਮਿੱਟੀ ਦੇ ਸੁਆਲ" ਦੇ ਲੇਖਕ ਦੀ ਕਾਵਿ-ਕਲਾ ਦਾ ਇਕ ਮੀਰੀ ਗੁਣ ਇਹ ਵੀ ਹੈ ਕਿ ਉਹ ਜਿਹੜੇ ਵੀ ਸਮਾਜਿਕ ਸਰੋਕਾਰਾਂ, ਸਬੰਧਾਂ-ਦਵੰਦਾਂ ਨੂੰ ਸ਼ਾਬਦਿਕ ਸੰਰਚਨਾ ਵਿੱਚ ਰੂਪਮਾਨ ਕਰਦਾ ਹੈ ਉਨ੍ਹਾਂ ਪ੍ਰਤੀ ਉਸਦਾ ਆਪਣਾ ਇਕ ਵਿਚਾਰਧਾਰਕ ਨਜ਼ਰੀਆ ਹੈ । ਇਹ ਨਜ਼ਰੀਆ ਹੀ ਉਸਦੇ ਕਾਵਿ-ਪ੍ਰਯੋਜਨ ਦਾ ਆਧਾਰ ਬਣਦਾ ਹੈ। ਉਤਰ-ਆਧੁਨਿਕਤਾਵਾਦ ਦੇ ਸਾਹਿਤ-ਚਿੰਤਨੀ ਦੌਰ ਵਿੱਚ ਕਾਵਿ-ਪ੍ਰਯੋਜਨ ਦੀ ਗੱਲ ਉਹ ਹੀ ਕਵੀ ਕਰ ਸਕਦੇ ਹਨ, ਜਿਹੜੇ ਪਦਾਰਥਵਾਦੀ ਫਲਸਫੇ ਦੇ ਵਿਚਾਰਧਾਰਕ ਨਜ਼ੀਰਏ ਨਾਲ ਲੈਸ ਹਨ । 'ਬੇਜ਼ਾਰ' ਬੱਸ, ਅਜਿਹਾ ਹੀ ਕਵੀ ਹੈ । ਉਸਦੇ ਇਸ ਨਵ-ਪ੍ਰਕਾਸ਼ਿਤ ਕਾਵਿ-ਸੰਗ੍ਰਹਿ "ਮਿੱਟੀ ਦੇ ਸੁਆਲ" ਵਿੱਚੋਂ ਅਜਿਹੇ ਮੌਜੂਦਾ ਸਮਾਜਿਕ ਸਰੋਕਾਰ, ਵਿਚਾਰਧਾਰਕ ਨਜ਼ਰੀਆ ਅਤੇ ਪ੍ਰਗਤੀਸ਼ੀਲ ਕਲਾ-ਦ੍ਰਿਸ਼ਟੀ ਦੇ ਕਾਵਿ-ਬਿੰਬ ਸਿਰਜਤ ਹੋਏ ਮਿਲਦੇ ਹਨ ।

ਇਤਿਹਾਸ-ਮਿਥਿਹਾਸ, ਸਮਾਜਿਕ ਸੰਕਟ, ਰੁਮਾਂਸ, ਮਾਨਵੀ ਅਸਤਿੱਤਵ, ਧਾਰਮਿਕ ਅਨੁਸ਼ਠਾਨ (Rituals), ਗੁਰਬੱਤ, ਮਾਨਵੀ ਸਵੈ-ਵਿਰੋਧ ਆਦਿ ਮਜ਼ਮੂਨ 'ਬੇਜ਼ਾਰ' ਦੇ ਇਸ ਸੰਗ੍ਰਹਿ ਦੀਆਂ ਨਜ਼ਮਾਂ ਦੀ ਕਾਵਿ-ਵਸਤੂ ਬਣਦੇ ਹਨ । ਉਸਦੀ ਵਸਤੂ-ਦ੍ਰਿਸ਼ਟੀ ਇਸ ਨੂੰ ਆਪਣੇ ਜ਼ਾਵੀਏ ਤੋਂ ਤੱਕਦੀ ਤੇ ਅੰਕਦੀ ਹੈ। ਉਸ ਦੀ ਪੁੱਠ-ਸਿੱਧ ਦੀ ਪ੍ਰਕਿਰਿਆ ਤੋਂ ਗ੍ਰਹਿਣ ਕੀਤੇ ਪ੍ਰਭਾਵਾਂ ਦਾ ਵਿਚਾਰਧਾਰਕ ਪ੍ਰਤੀਕਰਮ ਹਰ ਕਵਿਤਾ ਵਿੱਚ ਦ੍ਰਿਸ਼ਟਮਾਨ ਹੈ । ਉਸਦੀ ਕਾਵਿ-ਵਸਤੂ ਵਿੱਚ ਜ਼ਮੀਨੀ-ਹਕੀਕਤ ਦੇ ਸੁਆਲ ਤਿੱਖੇ ਅੰਦਾਜ਼ ਵਿੱਚ ਉਭਰਦੇ ਹਨ ਤੇ ਉਸਦੀ ਕਾਵਿ-ਦ੍ਰਿਸ਼ਟੀ ਆਪਣੀ ਯਥਾਯੋਗਤਾ ਨਾਲ ਉਸਦੇ ਜੁਆਬ ਦਿੰਦੀ ਹੈ । ਇਹ ਯਥਾਯੋਗਤਾ ਉਸਦੇ ਵਿਚਾਰਧਾਰਕ ਨਜ਼ਰੀਏ ਤੋਂ ਪ੍ਰਭਾਵਿਤ ਤੇ ਪ੍ਰੇਰਿਤ ਹੈ ।

ਭਾਰਤੀ ਮਿਥਿਹਾਸ ਨੂੰ ਆਪਣੀ ਕਾਵਿ-ਵਸਤੂ ਬਣਾਉਂਦਿਆਂ ਕਵੀ ਇਸਦੇ ਸਥਾਪਿਤ ਅਰਥਾਂ ਨੂੰ ਵਿਸਥਾਪਿਤ ਕਰਦਾ ਹੈ । ਇਸ ਵਿਸਥਾਪਨ-ਅਮਲ ਵਿੱਚੋਂ ਹੀ ਉਹ ਸੁਆਲ ਖੜ੍ਹੇ ਕਰਕੇ ਤਰਕਸੰਗਤ ਜਵਾਬ ਪੇਸ਼ ਕਰਦਾ ਹੋਇਆ ਪੁਨਰ-ਸਿਰਜਕ ਅਰਥਾਂ ਨੂੰ ਚਿਹਨਤ ਕਰਦਾ ਹੈ । ਹੱਥਲੇ ਕਾਵਿ-ਸੰਗ੍ਰਹਿ ਵਿੱਚ 'ਰੁਕਮਣੀ' 'ਅਧੂਰੇ ਰਾਵਣ' ਤੇ 'ਰਾਮ ਦਾ ਸੁਪਨਾ' ਸਿਰਲੇਖ ਦੀਆਂ ਨਜ਼ਮਾਂ ਵਿੱਚ ਉਸਦੀ ਇਸ ਪੁਨਰ-ਸਿਰਜਤ ਅਰਥ-ਯੋਗਤਾ ਦੇ ਦਰਸ਼ਨ ਕੀਤੇ ਜਾ ਸਕਦੇ ਹਨ । ਉਸਦੀ ਇਸ ਯੋਗਤਾ ਵਿੱਚ ਸਿਰਫ਼ ਸੁਆਲ ਖੜ੍ਹੇ ਕਰਨਾ ਵੀ ਅਰਥ-ਭਰਪੂਰ ਕਾਵਿ-ਕਾਰਜ ਹੈ । ਕਦੇ ਉਹ ਨਾਲ ਹੀ ਜਵਾਬ ਦੇ ਕੇ ਹੋਰ ਸੁਆਲ ਖੜ੍ਹੇ ਕਰਦਾ ਹੈ ਤੇ ਆਧੁਨਿਕ ਚੇਤਨਾ/ ਵਿਚਾਰਧਾਰਕ ਚਿੰਤਨ ਮੁਤਾਬਕ ਫਿਰ ਜੁਆਬ ਦਿੰਦਾ ਹੈ । ਇਨ੍ਹਾਂ ਤਿੰਨ ਨਜ਼ਮਾਂ ਦੇ ਹਵਾਲਿਆਂ ਨਾਲ ਇਹ ਧਾਰਨਾਵਾਂ ਸਪਸ਼ਟ ਹੋ ਜਾਂਦੀਆਂ ਹਨ :

- ਇੱਕ ਮੰਦਰ 'ਚ
ਸੀਤਾ ਰਾਮ ਨਾਲ ਬੈਠੀ ਹੈ
ਪਾਰਬਤੀ ਸ਼ਿਵਾਂ ਨਾਲ ਬੈਠੀ ਹੈ ।
ਰਾਧਾ ਕ੍ਰਿਸ਼ਨ ਨਾਲ ਬੈਠੀ ਹੈ ।
ਪਰ ਜਦੋਂ ਮੈਨੂੰ ਕਿਸੇ ਨੇ ਦੱਸਿਆ ।
ਕ੍ਰਿਸ਼ਨ ਦੀ ਪਤਨੀ ਤਾਂ ਰੁਕਮਣੀ ਸੀ ।
ਮੈਂ ਚੌਂਕ ਗਿਆ ।

.....ਮੈਂ ਪੁੱਛਿਆ
ਹੇ ਰੁਕਮਣੀ
ਇਹ ਰਾਧਾ ਕੌਣ ਹੈ ? (ਰੁਕਮਣੀ)

- ਰਾਵਣ ਦਾ ਤਾਂ
ਇੱਕੋ ਸਿਰ ਸੀ

ਇੱਕੋ ਸਿਰ ਵਿੱਚ ਦਸ ਅਕਲਾਂ ਸਨ ।
ਜਿਹਨਾਂ ਦੀਆਂ ਵੱਖ ਵੱਖ ਸ਼ਕਲਾਂ ਸਨ । (ਅਧੂਰੇ ਰਾਵਣ)

- ਹੇ ਰਾਮ
ਤੇਰੀ ਮਰਯਾਦਾ ਨਿਭਾਉਣ ਲਈ
ਹੁਣ ਮੈਂ ਜੰਗਲ ਨੂੰ ਚਲਦੀ ਹਾਂ /
ਅੱਗੇ ਮੈਂ
ਰਾਵਣ ਲਈ ਲੜੀ ਸਾਂ
ਹੁਣ ਮੈਂ
ਰਾਮ ਨਾਲ ਲੜਾਂਗੀ । (ਰਾਮ ਦਾ ਸੁਪਨਾ)

ਇਸੇ ਤਰ੍ਹਾਂ 'ਬੇਜ਼ਾਰ' ਸਾਡੇ ਇਤਿਹਾਸ ਦੀ ਪੁਨਰ ਵਿਆਖਿਆ ਕਰਦਾ ਨਵੀਂ ਕਾਵਿ-ਚਿਹਨਕਾਰੀ ਸਿਰਜਦਾ ਹੈ । ਇਸ ਸੰਦਰਭ ਵਿੱਚ "ਭਗਤ ਸਿੰਘ ਦੀ ਪੱਗ" ਤੇ ਤੈਨੂੰ ਯਾਦ ਕਰਾਂ ਤਾਂ ਕੀ ਕਰਾਂ" ਨਜ਼ਮਾਂ ਨੂੰ ਜ਼ੇਰੇ-ਬਹਿਸ ਰੱਖਿਆ ਜਾ ਸਕਦਾ ਹੈ । ਕਵੀ ਪੱਗ ਦੇ ਚਿਹਨ ਨੂੰ ਵਿਸ਼ਾਲ ਅਰਥਾਂ ਵਿੱਚ ਚਿਹਨਤ ਕਰਕੇ ਇਸ ਚਿਹਨ ਦੇ ਰੂੜੀਗਤ ਅਰਥਾਂ 'ਤੇ ਵਿਅੰਗ ਕਰਦਾ ਹੈ । ਇਉਂ ਹੀ ਆਜ਼ਾਦੀ ਦੇ ਰਾਜਨੀਤਕ ਚਿਹਨਕ ਨੂੰ ਉਹ ਹੋਰ ਵਿਸਤ੍ਰਿਤ ਰੂਪ ਵਿੱਚ ਚਿਹਨਤ ਕਰਦਾ ਸੰਵੇਦਨਸ਼ੀਲ ਤੇ ਤਿੱਖੀਆਂ ਟਿੱਪਣੀਆਂ ਪਰੋਸਦਾ ਹੈ :

- ਲੜ ਲੜ ਮਰਦੇ ਨੇ
ਤੇਰੇ ਸਿਰ ਪੱਗ ਧਰਦੇ ਨੇ
ਤੈਨੂੰ ਸਿੱਖ ਕਹਿੰਦੇ ਨੇ
ਤੇਰੀ ਸਿੱਖੀ ਤੋਂ ਦੂਰ ਰਹਿੰਦੇ ਨੇ । (ਭਗਤ ਸਿੰਘ ਦੀ ਪੱਗ)

- 'ਆਜ਼ਾਦੀ ਦੀ ਧਰਵਾਸ
ਮਿਲ ਜਾਣਾ ਹੀ ਕਾਫ਼ੀ ਨਹੀਂ ਸੀ ।
ਜ਼ਿੰਦਗੀ ਦੀ ਦੁਪਹਿਰ ਕੱਟਣ ਲਈ
ਨਾ ਛਾਂ ਕਾਫ਼ੀ ਹੈ
ਨਾ ਥਾਂ ਕਾਫ਼ੀ ਹੈ/ (ਤੈਨੂੰ ਯਾਦ ਕਰਾਂ ਤਾਂ ਕੀ ਕਰਾਂ)

ਸਮਾਜਿਕ ਦਵੰਦਾਂ-ਸੰਬੰਧਾਂ/ ਸੰਕਟਾਂ ਨੂੰ ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਕਾਵਿਬੱਧ ਕਰਨ ਸਮੇਂ ਇਸ ਰੁਝਾਨ ਦੇ ਨਵੇਂ ਕਵੀ ਕਈ ਵਾਰ ਪੇਤਲੀ ਵੱਥ ਤੇ ਉਲਾਰ ਕੱਥ ਦੇ ਸ਼ਿਕਾਰ ਹੋ ਜਾਂਦੇ ਹਨ । ਪਰ 'ਬੇਜ਼ਾਰ' ਇਸ ਪੱਖੋਂ ਸੁਚੇਤ ਹੈ । ਇਹੀ ਕਾਰਨ ਹੈ ਕਿ ਪੰਜਾਬ ਦੇ ਅੱਤਵਾਦੀ ਦਿਨਾਂ ਦੇ ਮਾਹੌਲ ਨੂੰ ਉਹ ਕਲਾਤਮਕ ਬਿੰਬਾਂ/ ਪ੍ਰਤੀਕਾਂ ਵਿਚ ਪੇਸ਼ ਕਰਦਾ ਹੈ । ਉਹ ਲਿਖਦਾ ਹੈ :

- ਲੋਕ ਡਰੇ ਹੋਏ
  ਸਹਿਮੇ ਹੋਏ
  ਦੋ ਬੰਦੂਕਾਂ
  ਇੱਕ ਅੱਲੜ ਕੁੜੀ ਨੂੰ
  ਕਮਾਦ ਵਲ ਧੂਈ ਜਾ ਰਹੀਆਂ ਨੇ ।
  ਕਮਾਦ ਡਰਦਾ ਏ
  ਸੂਰਜ ਸ਼ਰਮ ਦਾ ਮਾਰਾ
  ਹਨ੍ਹੇਰੇ ਦਾ ਪੱਲਾ
  ਮੂੰਹ ਤੇ ਕਰਦਾ ਏ । (ਕੁੱਤਾ ਭੌਂਕਦਾ ਹੈ)

ਅਜੋਕੀ ਪੂੰਜੀਵਾਦੀ ਸਮਾਜਿਕ ਸੰਰਚਨਾ ਵਿੱਚ ਆਧੁਨਿਕ ਮਾਨਵ ਜਿਹੜੀ ਮਾਨਸਿਕ ਅਤੇ ਵਿਰੋਧਾਭਾਸਕ ਜ਼ਿੰਦਗੀ ਬਸਰ ਕਰ ਰਿਹਾ ਹੈ, ਉਸਨੂੰ ਕਵੀ ਨੇ "ਚਲਦੀਆਂ ਫਿਰਦੀਆਂ ਚਿਤਾਵਾਂ" ਨਾਮੀ ਨਜ਼ਮ ਵਿੱਚ ਵਿਭਿੰਨ ਪਰਿਸਥਿਤੀਆਂ ਰਾਹੀਂ ਪੇਸ਼ ਕੀਤਾ ਹੈ । ਦੋ ਪਰਿਸਥਿੱਤੀਆਂ ਇਥੇ ਸਾਰਗਰਭਿਤ ਹਨ :

- ਮੈਂ ਤਾਂ ਉਦੋਂ ਵੀ ਮਰ ਜਾਂਦਾ ਸਾਂ
  ਜਦੋਂ ਦੂਰ ਕਿਸੇ ਪਿੰਡ ਤੋਂ ਆਏ
  ਕਿਸੇ ਗ਼ਰੀਬ ਤੋਂ
  ਕੰਮ ਕਰਨ ਲਈ ਉਸ ਤੋਂ ਰਿਸ਼ਵਤ ਲੈ ਲੈਂਦਾ ਸਾਂ ।
- ਪਰ ਮੈਂ ਓਦੋਂ ਨਹੀਂ ਮਰਦਾ
  ਜਦੋਂ ਮੇਰਾ ਪੁੱਤ
  ਬਿਗਾਨੀ ਧੀ ਨਾਲ ਬਲਾਤਕਾਰ ਕਰਦਾ ਹੈ ।
  ਮੈਂ ਉਸ ਲਈ
  ਅਦਾਲਤ ਵਿੱਚ ਜਾ ਕੇ
  ਵਕੀਲ ਕਰਦਾ ਹਾਂ । (ਚਲਦੀਆਂ ਫਿਰਦੀਆਂ ਚਿਤਾਵਾਂ)

ਕਵੀ ਇੱਕ ਹੋਰ ਵਿਚਾਰਧਾਰਕ ਸੰਵਾਦ "ਜ਼ਿੰਦਗੀ ਜਸ਼ਨ ਨਹੀਂ" ਕਵਿਤਾ ਵਿੱਚ ਰਚਾਉਂਦਾ ਹੈ । ਜ਼ਿੰਦਗੀ ਨੂੰ ਸੁਖਦਾਇਕ ਤੇ ਤਸੱਲੀ-ਭਰਪੂਰ ਬਣਾਉਣ ਲਈ ਮਨੁੱਖ ਦੀ ਸਦਾ ਸੁਪਨਮਈ ਚਾਹਤ ਰਹੀ ਹੈ । ਇਸ ਚਾਹਤ ਦੀ ਪੂਰਤੀ ਪੱਖੋਂ ਉਹ ਖ਼ੁਦ ਅਧੂਰਾ ਤੇ ਊਣਾ ਹੋਣ ਕਰਕੇ ਔਰਤ/ਪਤਨੀ ਤੋਂ ਇਸ ਖੱਪੇ ਦੀ ਭਰਪਾਈ ਲਈ ਜਿਸ ਅੰਦਾਜ਼ ਵਿੱਚ ਖ਼ੁਦ ਸੰਬੋਧਨ ਹੁੰਦਾ ਹੈ, ਉਸ ਵਿੱਚ ਔਰਤ ਦੀ ਕਮਜ਼ੋਰ ਤੰਦ ਨੂੰ ਵਿਚਾਰਧਾਰਕ ਤੁਣਕਾ ਮਰਦਾਊ ਨਜ਼ਰੀਏ ਤੋਂ ਹੈ :

- ਮਨੁੱਖ ਸੁੱਖ ਮੰਗਦਾ ਏ
  ਛਾਵੇਂ ਬਹਿਣ ਲਈ ਰੁੱਖ ਮੰਗਦਾ ਏ
  ਇਹ ਸੁੱਖ ਦਾ ਰੁੱਖ

ਮੱਥੇ 'ਚ ਜੰਮਦਾ ਏ
ਜਦੋਂ ਬੰਦਾ ਘਰਵਾਲੀ ਨੂੰ
ਪੁੱਛਦਾ ਏ
ਤੇਰੀ ਤਬੀਅਤ ਠੀਕ ਨਹੀਂ ਲੱਗਦੀ
ਤੂੰ ਅੱਜ ਗੀਤ ਨਹੀਂ ਲੱਗਦੀ (ਜ਼ਿੰਦਗੀ ਜਸ਼ਨ ਨਹੀਂ )

ਇਥੇ ਉਸਦੀ ਇੱਕ ਹੋਰ ਨਜ਼ਮ "ਬੰਦ ਦਰਵਾਜ਼ੇ" ਦਾ ਜ਼ਿਕਰ ਕਰਨਾ ਇਸ ਲਈ ਜ਼ਰੂਰੀ ਹੈ ਕਿ ਕਿਸੇ ਸੰਸਥਾ ਦੇ ਰੂੜ੍ਹੀਗਤ ਹੋਣ ਨਾਲ ਮਨੁੱਖ ਵੀ ਆਪਣੇ ਆਪੇ ਨੂੰ ਰੂੜ੍ਹਗਤ ਕਰ ਲੈਂਦਾ ਹੈ । ਮਨੁੱਖ ਦੇ ਆਤਮਿਕ ਵਿਕਾਸ ਨੂੰ ਠੱਲ੍ਹ ਵੱਜ ਜਾਂਦੀ ਹੈ :

– ਖੁੱਲ੍ਹੇ ਹਨ ਦਰਵਾਜ਼ੇ ਤੇ ਬਾਰੀਆਂ
ਗੁਰਦੁਆਰਿਆਂ ਦੀਆਂ ਸਭ ।
ਬੰਦ ਨੇ
ਦਰਵਾਜ਼ੇ ਤੇ ਬਾਰੀਆਂ ਗੁਰਦੁਆਰੇ ਆਏ ਫਿਰਦੇ ਮਨੁੱਖਾਂ ਦੀਆਂ ।
ਮਨ ਦੇ ਦਰਵਾਜ਼ੇ ਵਿੱਚ
ਜਿੱਥੇ ਰੱਬ ਵਸਦਾ ਹੈ
ਕੋਈ ਨਹੀਂ ਵੜਦਾ
ਉਸਦਾ ਕੋਈ ਬੂਹਾ ਨਹੀਂ ਖੋਲ੍ਹਦਾ । (ਬੰਦ ਦਰਵਾਜੇ)

'ਬੇਜ਼ਾਰ' ਵਰਗੇ ਵਿਚਾਰਧਾਰਕ ਪ੍ਰਤੀਬੱਧ ਕਵੀਆਂ ਦੀ ਕਲਾ-ਕੌਸ਼ਲਤਾ ਦਾ ਮੁੱਲਾਂਕਣ ਕਰਨਾ ਵੀ ਅਤਿ ਜ਼ਰੂਰੀ ਹੈ । ਅਜਿਹਾ ਕਵੀ ਆਪਣੀ ਕਾਵਿ-ਵਸਤੂ ਨੂੰ ਕਲਾਤਮਕ ਰੰਗਣ ਵਿੱਚ ਪੇਸ਼ ਕਰਕੇ ਹੀ ਕਥਿੱਤ ਕਾਵਿ-ਦੋਸ਼ਾਂ ਤੋਂ ਬਰੀ ਹੋ ਸਕਦਾ ਹੈ । ਇਸ ਕਾਵਿ-ਪੁਸਤਕ ਵਿੱਚ ਲੇਖਕ ਨੇ ਕਾਵਿ-ਬਿੰਬਾਂ/ਪ੍ਰਤੀਕਾਂ/ਰੂਪਕਾਂ ਨੂੰ ਆਪਣੀ ਕਾਵਿ-ਸ਼ੈਲੀ ਵਿੱਚ ਭਰਪੂਰ ਜਗ੍ਹਾ ਦਿੱਤੀ ਹੈ । ਇਨ੍ਹਾਂ ਸ਼ੈਲੀਗਤ ਤੱਤਾਂ ਨੇ ਉਸਦੀ ਕਾਵਿ-ਯੋਗਤਾ ਤੇ ਕਾਵਿ-ਉਚਾਰ ਨੂੰ ਹੋਰ ਬਲਸ਼ਾਲੀ ਤੇ ਸਾਰਥਿਕ ਬਣਾਇਆ ਹੈ । ਹੇਠ ਲਿਖੇ ਕੁੱਝ ਕਾਵਿ-ਬੰਦ ਇਥੇ ਹਵਾਲਾ-ਯੁਕਤ ਹਨ :

– ਸ਼ਾਮ ਦਾ ਸੂਰਜ
ਬਹੁਤ ਫ਼ਿਕਰਮੰਦ ਹੈ ।
ਇੱਕ ਪਾਪਣ ਰਾਤ ਨੇ
ਆਉਣੈ
ਪਤਾ ਨਹੀਂ ਉਸਨੇ
ਕੀ ਕੀ ਕਰ ਜਾਣੈ।
ਰਾਤ ਦੇ ਅੰਧੇਰੇ ਨੇ
ਬੰਦੂਕਾਂ ਰੱਖਕੇ ਮੋਢੇ
ਮੌਤ ਨੂੰ ਨਾਲ ਲੈ ਆਉਣੈ । (ਕੁੱਤਾ ਭੌਂਕਦਾ ਹੈ)

- ਇੱਕ ਸੜਕ ਹੈ
ਚੰਡੀਗੜ੍ਹ ਤੋਂ ਦਿੱਲੀ ਨੂੰ ਜਾਂਦੀ ਹੈ
ਜਿੱਥੇ ਇੱਕ ਕੁਲਹਿਣੀ ਜਿਹੀ 'ਦੇਵੀ' ਰਹਿੰਦੀ ਹੈ (ਸੜਕ)
- ਤੇਰੇ ਰਤਨਾਂ ਨੂੰ ਉਹ
ਆਪਣੇ ਕੱਪ-ਬੋਰਡ 'ਤੇ ਸਜਾ ਦਿੰਦੇ ਹਨ
ਜੋ ਉਹਨਾਂ ਵੱਲ ਕਦੇ ਦੇਖਦੇ ਵੀ ਨਹੀਂ । (ਚੇਤਨਾ ਦੀ ਭੁੱਖ)

ਕਵੀ ਨੇ ਉਨ੍ਹਾਂ ਕਾਵਿ-ਜੁਗਤਾਂ ਦੀ ਵੀ ਸਹਾਇਤਾ ਲਈ ਹੈ, ਜੋ ਕਿਸੇ ਕਾਵਿ-ਬੰਧਨ ਨੂੰ ਸੰਚਾਰਮਈ ਤੇ ਮਾਨਣਯੋਗ ਬਣਾਉਂਦੀਆਂ ਹਨ । ਬਿਰਤਾਂਤਕ ਤੇ ਵਿਅੰਗਮਈ ਅੰਦਾਜ਼ੇ-ਬਿਆਂ ਭਾਰਤੀ ਤੇ ਪੱਛਮੀ ਕਾਵਿ-ਸ਼ਾਸਤਰ ਵਿੱਚ ਪ੍ਰਮਾਣਿਕ ਕਾਵਿ-ਵਿਧੀਆਂ ਹਨ । ਇਸ ਸੰਗ੍ਰਹਿ ਅੰਦਰਲੀਆਂ 'ਬੁੱਤ ਤੇ ਪੈਰ' ਤੇ 'ਇੱਕ ਜਨਮ ਹੋਰ' ਸਿਰਲੇਖ ਦੀਆਂ ਨਜ਼ਮਾਂ ਬਿਰਤਾਂਤਕ-ਜੁਗਤ ਦੀਆਂ ਉੱਤਮ ਸਿਰਜਨਾਵਾਂ ਹਨ । ਹੇਠ ਲਿਖੇ ਦੋ ਕਾਵਿ-ਬੰਦ ਵਿਅੰਗ ਵਿਧੀ ਦੇ ਉਤਕ੍ਰਿਸ਼ਟ ਨਮੂਨੇ ਹਨ :

- ਮੈਨੂੰ ਪਤਾ ਨਹੀਂ
ਰੁਕਮਣੀ ਨੇ ਮੈਨੂੰ ਕੀ ਜਵਾਬ ਦਿੱਤਾ
ਪਰ ਮੇਰਾ
ਮੇਰੇ ਪੁਰਖਿਆਂ ਅੱਗੇ ਸਿਰ ਝੁੱਕ ਗਿਆ (ਰੁਕਮਣੀ)
- ਅੱਜ ਕੱਲ੍ਹ ਦੇ ਰਾਮ
ਰਾਵਣ ਨਾਲ ਲੜਦੇ ਨਹੀਂ (ਅਧੂਰੇ ਰਾਵਣ)

ਦ੍ਰਿਸ਼ ਚਿਤਰਣ ਪੱਖੋਂ ਵੀ ਇਸ ਕਵੀ ਦੀ ਡੂੰਘੀ ਨੀਝ ਦਾ ਇਹ ਇੱਕੋ ਪ੍ਰਮਾਣ ਇਥੇ ਕਾਫ਼ੀ ਹੈ : 'ਰੌਕ-ਗਾਰਡਨ' ਨਾਂ ਦੀ ਕਵਿਤਾ ਵਿਚ ਉਹ ਕਹਿੰਦਾ ਹੈ ।

- ਕਿਸੇ ਦੇ ਨਸੀਬ ਵਿੱਚ
ਜੂਠਾ ਕੱਪ ਆਇਆ
ਕਿਸੇ ਦੇ ਹੱਥ ਟੁੱਟੀ ਪਲੇਟ ਆਈ (ਰੌਕ ਗਾਰਡਨ)

'ਮਿੱਟੀ ਦੇ ਸੁਆਲ' ਵਰਗੇ ਕਾਵਿ-ਸੰਗ੍ਰਹਿ ਦੀ ਆਮਦ ਸਮਾਜਿਕ ਸਰੋਕਾਰਾਂ ਵਾਲੀ ਪੰਜਾਬੀ ਕਵਿਤਾ ਦੇ ਰੁਝਾਨ ਲਈ ਸ਼ੁਭ-ਸ਼ਗਨ ਵਾਂਗ ਹੈ । ਖੁਸ਼ਹਾਲ ਸਿੰਘ ਨਾਗਾ 'ਬੇਜ਼ਾਰ' ਦਾ ਧੰਨਵਾਦ ਵੀ ਤੇ ਮੁਬਾਰਕਾਂ ਵੀ ।

-ਡਾ: ਲਾਭ ਸਿੰਘ ਖੀਵਾ
ਮੁਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ,
ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ

# ਕੁਝ ਆਪਣੇ ਵਲੋਂ

ਮਨੁੱਖ ਦੀ ਜ਼ਿੰਦਗੀ ਦੇ ਨਾਲ ਨਾਲ ਉਸ ਦੇ ਗਿਆਨ ਦਾ ਵਿਕਾਸ ਵੀ ਹੁੰਦਾ ਹੈ । ਇਸੇ ਤਰ੍ਹਾਂ ਕਿਸੇ ਕਵੀ ਦਾ ਗਿਆਨ ਜਿਉਂ ਜਿਉਂ ਵਿਕਾਸ ਕਰਦਾ ਹੈ ਉਸ ਦਾ ਆਪਣੀ ਕਵਿਤਾ ਪ੍ਰਤੀ ਨਜ਼ਰੀਆ ਵੀ ਬਦਲਦਾ ਤੇ ਵਿਕਾਸ ਕਰਦਾ ਹੈ ਉਸ ਦੀ ਸਾਹਿਤਕ ਰਚਨਾ ਦੇ ਨਕਸ਼ ਵੀ ਸੰਵਰਦੇ ਹਨ । ਮੇਰੀ ਕਵਿਤਾ ਦਾ ਸਫ਼ਰ ਵੀ ਕੁਝ ਇਸ ਤਰ੍ਹਾਂ ਹੀ ਰਿਹਾ ਹੈ। ਇਹ ਮੇਰਾ ਪੰਜਵਾਂ ਕਾਵਿ ਸੰਗ੍ਰਹਿ ਹੈ । ਜੋ ਆਪਣਾ ਨਾਮ-ਸੰਸਕਾਰ "ਮਿੱਟੀ ਦੇ ਸੁਆਲ" ਲੈ ਕੇ ਪਾਠਕਾਂ ਦੇ ਰੂ-ਬ-ਰੂ ਪੇਸ਼ ਹੋ ਰਿਹਾ ਹੈ । ਅਸਲ ਵਿਚ ਮਨੁੱਖ ਦਾ ਗਿਆਨ ਮਨੁੱਖ ਨੂੰ ਖਾਸ ਕਰਕੇ ਸਾਹਿਤਕਾਰ ਨੂੰ, ਆਪਣੇ (ਗਿਆਨ ਦੇ) ਸਰੋਤ ਵਲ ਲੈ ਤੁਰਦਾ ਹੈ । ਅਧਿਆਤਮ ਤੌਰ ਤੇ ਕਿਹਾ ਜਾਂਦਾ ਹੈ ਹੈ ਕਿ ਸਭ ਤਰ੍ਹਾਂ ਦੇ ਗਿਆਨ ਦਾ, ਕਲਾ ਦਾ, ਸੁਹੱਪਣ ਦਾ ਅਤੇ ਅਕਾਰ ਦਾ ਸੋਮਾ ਨਿਰੰਕਾਰ ਹੈ । ਇਸ ਲਈ ਗਿਆਨ ਕਲਾਕਾਰ ਨੂੰ ਆਪਣੇ ਸਰੋਤ ਵੱਲ ਲੈ ਤੁਰਦਾ ਹੈ, ਮੈਂ ਖ਼ੁਦ ਮਹਿਸੂਸ ਕਰਦਾ ਹਾਂ ਕਿ ਹੁਣ ਮੇਰੀ ਕਵਿਤਾ ਇਸੇ ਰਾਹ ਪੈ ਗਈ ਹੈ । ਮੈਨੂੰ ਇਹ ਅਹਿਸਾਸ ਹੈ ਕਿ ਮੈਂ ਮਾਰਕਸਵਾਦੀ ਹਾਂ ਪਰ ਗਿਆਨ ਦਾ ਰਾਹ ਮਨੁੱਖ ਤੋਂ ਕੁਦਰਤ ਵਲ ਤੇ ਕੁਦਰਤ ਤੋਂ ਬ੍ਰਹਿਮੰਡ ਵਲ ਅਤੇ ਫਿਰ ਬ੍ਰਹਿਮੰਡ ਵਿਚੋਂ ਲੰਘਦਾ ਹੋਇਆ ਬ੍ਰਹਿਮੰਡਾਂ ਦੇ ਰਚਨਹਾਰ ਵੱਲ ਹੋ ਤੁਰਦਾ ਹੈ । ਸਾਇੰਸ ਦੀ ਖੋਜ ਦਾ ਵਰਤਾਰਾ ਵੀ ਇੱਦਾਂ ਹੀ ਤੁਰਦਾ ਹੈ। ਆਖਿਰ ਇਹ ਕੁਦਰਤ ਤੇ ਇਹ ਬ੍ਰਹਿਮੰਡ ਜਿਸਨੇ ਰਚੇ ਹਨ ਉਸ ਦੀ ਖੋਜ ਮਨੁੱਖ ਦੀ ਜਗਿਆਸਾ ਰਹੀ ਹੈ । ਇਹ ਖੋਜ ਭਾਵੇਂ ਅਸੰਭਵ ਹੈ ਪਰ ਅਸੰਭਵ ਨੂੰ ਸੰਭਵ ਬਣਾ ਸਕਣਾ ਇਕ ਮਨੁੱਖੀ ਵਰਤਾਰਾ ਯੁੱਗਾਂ ਯੁੱਗਾਂ ਤੋਂ ਰਿਹਾ ਹੈ । ਸੋ ਮੈਂ ਆਪਣੀ ਕਵਿਤਾ ਨੂੰ ਇਸ ਰਾਹ ਪੈਣ ਤੋਂ ਰੋਕ ਨਹੀਂ ਸਕਿਆ। ਪਰ ਫਿਰ ਵੀ ਮੇਰਾ ਤੱਤ ਮਾਰਕਸਵਾਦੀ ਹੀ ਹੈ । ਕਿਉਂਕਿ ਮਿੱਟੀ ਦੇ ਸੁਆਲ ਮੇਰੇ ਨਾਲ ਇੰਜ ਜੁੜੇ ਹੋਏ ਹਨ ਕਿ ਮੈਂ ਆਪਣੀ ਆਤਮਾ ਨਾਲੋਂ ਇਹਨਾਂ ਨੂੰ ਜੁਦਾ ਨਹੀਂ ਕਰ ਸਕਦਾ। ਇਹ ਮੇਰੇ ਸੰਸਕਾਰ ਬਣ ਗਏ ਹਨ । ਸ਼ਾਇਦ ਇਹ ਸੰਸਕਾਰ ਮੈਨੂੰ ਅਗਲੇ ਜਨਮ ਵੀ ਪ੍ਰਾਪਤ ਹੋਣਗੇ । ਮੈਂ ਚਾਹਾਂਗਾ ਕਿ ਇਹ ਸੰਸਕਾਰ ਮੈਨੂੰ ਅਗਲੇ ਜਨਮ ਮਿਲਣ । ਮੈਂ ਮਨੁੱਖਾਂ ਲਈ ਨਾਹਰੇ ਲਗਾਉਂਦਾ ਰਹਾਂ,ਉਹਨਾਂ ਦੇ ਦੁੱਖ-ਸੁੱਖ ਦੀਆਂ ਕਵਿਤਾਵਾਂ ਲਿਖਦਾ ਰਹਾਂ ।

ਡਾ: ਲਾਭ ਸਿੰਘ ਖੀਵਾ ਜੀ ਨੇ ਗੱਲ ਕਰਦਿਆਂ ਮੈਨੂੰ ਇਹ ਚਿਤਾਰਿਆ ਸੀ ਕਿ ਕਵਿਤਾ ਜ਼ਿੰਦਗੀ ਦੁਆਲੇ ਹੀ ਘੁੰਮਣੀ ਚਾਹੀਦੀ ਹੈ ਜਿਵੇਂ ਕਿਸੇ ਸ਼ਾਇਰ ਨੇ ਕਿਹਾ, "ਹਾਜੀ ਲੋਕ ਮੱਕੇ ਵੱਲ ਜਾਂਦੇ, ਅਸਾਂ ਜਾਣਾ ਤਖ਼ਤ-ਹਜ਼ਾਰੇ" ਮੈਂ ਤਾਂ ਤਖ਼ਤ-ਹਜ਼ਾਰੇ ਦੇ ਜੰਗਲਾਂ ਬੇਲਿਆਂ ਵਿੱਚ ਨਾਹਰੇ ਲਾਉਂਦਾ ਰਿਹਾ ਹਾਂ ਤੇ ਮੈਂ ਤਖ਼ਤ-ਹਜ਼ਾਰੇ ਦੀ ਘਾਲਣਾ ਘਾਲ ਕੇ ਹੁਣ ਮੱਕੇ ਵਲ ਤੁਰਿਆ ਹਾਂ ਜੇ 'ਮੱਕੇ' ਤੋਂ ਮੁੜ ਕੇ ਆਇਆ ਤਾਂ ਫਿਰ ਤਖ਼ਤ-ਹਜ਼ਾਰੇ ਦੀ ਹੀ ਜੰਗ ਲੜਾਂਗਾ ਪਰ ਜੇ ਕਿਤੇ ਮੱਕੇ ਦਾ ਮਾਲਿਕ ਮਿਲ ਗਿਆ ਉਸ ਨਾਲ ਵੀ

ਇਸ ਧਰਤੀ ਦੇ "ਮਿੱਟੀ ਦੇ ਸੁਆਲ" ਹੀ ਕਰਾਂਗਾ ਆਪਣੀ ਮੁਕਤੀ ਦੀ ਚਰਚਾ ਨਹੀਂ। ਇਹ ਮੇਰੀ ਰੂਹ ਦੀ ਤੜਪਨਾ ਹੈ । ਇਹੋ ਮੇਰੇ ਆਤਮ-ਸੰਸਕਾਰ ਹਨ । ਕਿਉਂਕਿ ਮੈਂ ਇਸ ਸੰਸਾਰ ਨੂੰ ਇਹਨਾਂ ਅੱਖਾਂ ਨਾਲ ਹੀ ਦੇਖਿਆ ਹੈ ।

ਪਿਛਲੇ ਮੇਰੇ ਕਾਵਿ ਸੰਗ੍ਰਹਿ, "ਤੁਸੀਂ ਕਦੋਂ ਉਦਾਸ ਹੋਵੋਗੇ" ਦੇ ਲੋਕ-ਅਰਪਣ ਅਤੇ ਗੋਸ਼ਟੀ ਵੇਲੇ ਕੁੱਝ ਸੱਜਣਾਂ ਨੇ ਇਤਰਾਜ਼ ਕੀਤਾ ਸੀ ਕਿ "ਨਾਗਾ" ਦਾ ਨਾਂ ਤਾਂ ਖੁਸ਼ਹਾਲ ਸਿੰਘ ਹੈ ਪਰ ਰਚਨਾਵਾਂ ਵਿਚ ਗੱਲਾਂ ਨਿਰਾਸ਼ਾ ਦੀਆਂ ਕਰਦਾ ਹੈ । ਗੱਲਾਂ ਹੀ ਨਹੀਂ ਕਰਦਾ ਸਗੋਂ ਆਪਣੀ ਕਿਤਾਬ ਦੇ ਨਾਂ ਨਾਲ ਪਾਠਕਾਂ ਨੂੰ ਸੰਬੋਧਨ ਕਰਦਾ ਹੈ ਕਿ, "ਤੁਸੀਂ ਕਦੋਂ ਉਦਾਸ ਹੋਵੋਗੇ" । ਉਹਨਾਂ ਦੋਸਤਾਂ ਨੂੰ ਮੇਰਾ ਇਹੋ ਕਹਿਣਾ ਹੈ ਕਿ ਮੈਂ ਮਾਨਸਿਕ ਤੌਰ ਤੇ ਖੁਸ਼ਹਾਲ ਹਾਂ ਜਾਂ ਨਹੀਂ ਇਹ ਇੱਕ ਵੱਖਰਾ ਵਿਸ਼ਾ ਹੈ, ਮੈਂ ਅਜੋਕੀ ਜ਼ਿੰਦਗੀ ਦੀਆਂ ਕਰਤੂਤਾਂ ਤੋਂ ਨਿਰਾਸ਼ ਜ਼ਰੂਰ ਹਾਂ, ਬੇਜ਼ਾਰ ਜ਼ਰੂਰ ਹਾਂ । ਸੋ ਮੈਂ ਬੜੀ ਖੁਸ਼ੀ ਨਾਲ ਆਪਣੇ ਨਾਂ ਨਾਲੋਂ "ਖੁਸ਼ਹਾਲ" ਸ਼ਬਦ ਡੇਗ ਕੇ ਸਿਰਫ "ਬੇਜ਼ਾਰ ਨਾਗਾ" ਰਹਿ ਜਾਣਾ ਪਸੰਦ ਕਰਦਾ ਹਾਂ। ਜ਼ਿੰਦਗੀ ਦੀਆਂ ਰੰਗੀਨੀਆਂ ਨਾਲ ਪਿਆਰ ਕਰਨ ਵਾਲੇ ਲੋਕ ਕਿਸੇ ਅਮੀਰ ਦੀ ਹਵੇਲੀ ਵਿਚ ਮੁਜਰਾ ਮਾਨਣ ਵਾਲੇ ਹੀ ਹੁੰਦੇ ਨੇ । ਜ਼ਿੰਦਗੀ ਦੇ ਦੁੱਖਾਂ ਦੀ ਗੱਲ ਕਰਨ ਵਾਲੇ ਲੋਕ ਅਸਲ ਵਿਚ ਬੁੱਧ ਵਰਗੇ ਸਿਧਾਰਥ ਹੁੰਦੇ ਹਨ । ਇਸੇ ਫਲਸਫੇ ਦੇ ਵੱਸ ਮੈਂ ਪਿਛਲੇ ਕਾਵਿ-ਸੰਗ੍ਰਹਿ "ਤੁਸੀਂ ਕਦੋਂ ਉਦਾਸ ਹੋਵੋਗੇ" ਵਿਚ ਲਿਖਿਆ ਸੀ :

ਕਵਿਤਾ ਲਿਖਣਾ ਮੇਰਾ ਸ਼ੌਕ ਨਹੀਂ
ਮੇਰਾ ਧਰਮ ਹੈ ।
ਕਵਿਤਾ ਮਹਿਫਲਾਂ ਦੀ ਰਾਣੀ ਨਹੀਂ
ਐਵੇਂ ਕੁਝ ਲੋਕਾਂ ਨੂੰ ਭਰਮ ਹੈ ।

ਇਹ ਮੇਰਾ ਜੀਵਨ ਪ੍ਰਤੀ ਤੇ ਆਪਣੀ ਕਵਿਤਾ ਪ੍ਰਤੀ ਫਲਸਫਾ ਹੈ ਜੋ ਮੈਂ ਨਾਲ ਲੈ ਕੇ ਨਹੀਂ ਜੰਮਿਆ ਇਸ ਜਵੰਤ ਸੰਸਾਰ ਵਿਚੋਂ ਹੀ ਅਨੁਭਵ ਕੀਤਾ ਹੈ । ਮੇਰੇ ਅਲੋਚਕਾਂ ਨੇ ਉਸ ਸਮਾਗਮ ਵਿਚ ਇਹ ਵੀ ਕਿਹਾ ਸੀ ਕਿ ਨਾਗਾ ਦੀ ਕਵਿਤਾ ਵਿਚ ਬਿਰਤਾਂਤ ਹੈ । ਮੈਂ ਇਹ ਚੰਗੀ ਤਰ੍ਹਾਂ ਸਮਝਦਾ ਹਾਂ ਕਿ ਕਵਿਤਾ ਵਿਚੋਂ ਬਿਰਤਾਂਤ ਬਿਲਕੁਲ ਮਨਫੀ ਨਹੀਂ ਕੀਤਾ ਜਾ ਸਕਦਾ । ਕਵਿਤਾ "ਹੋਣੀਆਂ" ਦੇ ਨਕਸ਼ ਉਭਾਰਦੀ ਹੈ । ਬਿਰਤਾਂਤ ਦੇ ਸਹਾਰੇ ਬਿਨ ਕਵਿਤਾ ਲਿਖੀ ਹੀ ਨਹੀਂ ਜਾ ਸਕਦੀ । ਮੈਂ ਗ਼ਜ਼ਲ ਨਹੀਂ ਲ਼ਿਖਦਾ ਸਿਰਫ ਕਵਿਤਾ ਲਿਖਦਾ ਹਾਂ ਫਿਰ ਛੰਦ-ਬੰਦ ਰਹਿਤ । ਖੁਲ੍ਹੀ ਕਵਿਤਾ ਗੰਭੀਰ ਵਿਧਾ ਹੈ ।

ਹਾਲਾਂਕਿ ਮੈਂ ਐਨਾ ਭਾਰੂ ਅਤੇ ਬੌਧਿਕ ਨਹੀਂ ਹੋਣਾ ਚਾਹੁੰਦਾ ਜੋ ਬੁੱਧੀ ਦੀ ਪਕੜ ਤੋਂ ਬਾਹਰ ਹੋਵੇ ।

ਮੈਂ ਆਪਣੀ ਜ਼ਿੰਦਗੀ ਦੇ ਫਲਸਫੇ ਨਾਲ ਆਪਣੀ ਕਵਿਤਾ ਦੇ ਮਾਧਿਅਮ ਰਾਹੀਂ ਇਨਸਾਫ ਕਰ ਸਕਿਆ ਹਾਂ ਜਾਂ ਨਹੀਂ ਇਹ ਤਾਂ ਪਾਠਕ ਹੀ ਦਸਣਗੇ । ਮੇਰੀ ਕਵਿਤਾ ਦਾ ਮੂਲ ਮੰਤਵ ਪਾਠਕ ਨੂੰ ਇਕ ਚਲਦਾ ਦਰਿਆ ਦਿਖਾਉਣਾ ਹੈ ਜੋ ਮੇਰੀ ਅੰਦਰਲੀ ਅੱਖ ਦੇਖ ਰਹੀ ਹੈ । ਪਾਠਕ ਉਸ ਦਰਿਆ ਵਿਚ ਆਪਣੀ ਨੌਕਾ ਠੇਲ ਸਕਦੇ ਹਨ ਜਾਂ ਨਹੀਂ ਇਹ

ਇੱਕ ਵੱਖਰੀ ਗੱਲ ਹੈ, ਇਹ ਉਹਨਾਂ ਦੀ ਮਰਜ਼ੀ ਉਤੇ ਵੀ ਨਿਰਭਰ ਹੈ ।

ਮੈਂ ਇਸ ਕਿਤਾਬ ਦੀ ਸੰਪੂਰਨਤਾ ਲਈ ਡਾ: ਲਾਭ ਸਿੰਘ ਖੀਵਾ ਜੀ ਦਾ ਬਹੁਤ ਧੰਨਵਾਦੀ ਹਾਂ, ਜਿਹਨਾਂ ਨੇ ਮੇਰੀ ਇਸ ਲਿਖਤ ਨੂੰ ਪੜ੍ਹਿਆ, ਘੋਖਿਆ ਤੇ ਬਹੁਤ ਵਧੀਆ ਮੁੱਖ-ਬੰਦ ਲਿਖਿਆ, ਮੈਂ ਉਹਨਾਂ ਦੇ ਕਈ ਵਡਮੁੱਲੇ ਸੁਝਾਅ ਵੀ ਕਬੂਲੇ ਹਨ । ਆਪਣੇ ਮਿੱਤਰ ਭੁਪਿੰਦਰ ਬੇਕਸ ਜੀ ਦਾ ਦਿਲੋਂ ਧੰਨਵਾਦੀ ਕਿ ਉਹਨਾਂ ਨੇ ਇਸ ਦਾ ਖਰੜਾ ਤਿਆਰ ਕਰਨ ਲਈ ਵਿਆਕਰਣਿਕ ਗ਼ਲਤੀਆਂ ਨੋਚਣ ਵਿਚ ਬਹੁਤ ਮਿਹਨਤ ਕੀਤੀ । ਆਪਣੇ ਪਰਿਵਾਰ ਦੇ ਮੈਂਬਰਾਂ ਖਾਸ ਆਪਣੇ ਜੀਵਨ ਸਾਥੀ ਸ਼੍ਰੀਮਤੀ ਜੁਗਿੰਦਰ ਕੌਰ ਜੋ ਪੰਜਾਬੀ ਦੀ ਐਮ.ਏ. ਹੋਣ ਕਰਕੇ ਸਾਹਿਤਕ ਰੁਚੀ ਤੇ ਅਲੋਚਨਾ ਵਾਲੀ ਨਿਗ੍ਹਾ ਰੱਖਦੇ ਹਨ ਜੋ ਮੈਨੂੰ ਲਿਖਣ ਲਈ ਸ਼ਾਂਤ ਵਾਤਾਵਰਣ ਪ੍ਰਦਾਨ ਕਰਦੇ ਹਨ ।

ਮੋਹ ਨਾਲ ਤੁਹਾਡਾ-

**ਖੁਸ਼ਹਾਲ ਸਿੰਘ ਨਾਗਾ 'ਬੇਜ਼ਾਰ'**

# 2861, ਸੈਕਟਰ 40-ਸੀ, ਚੰਡੀਗੜ੍ਹ
6 ਦਸੰਬਰ, 2009

# ਤਤਕਰਾ


| | | |
|---|---|---|
| * | ਰੁਕਮਣੀ | 17 |
| * | ਭਗਤ ਸਿੰਘ ਦੀ ਪੱਗ | 19 |
| * | ਚੰਦਨ ਦੀ ਟਾਹਣੀ | 21 |
| * | ਅਧੂਰੇ ਰਾਵਣ | 22 |
| * | ਗੜਵੀ ਦਾ ਪਾਣੀ | 24 |
| * | ਕੁੱਤਾ ਭੌਂਕਦਾ ਹੈ | 26 |
| * | ਰੌਕ-ਗਾਰਡਨ | 29 |
| * | ਨੀਚ ਲੋਕ | 32 |
| * | ਕਵਿਤਾ ਵਿਚਾਰੀ ਕੀ ਕਰੇ | 34 |
| * | ਰਾਮ ਦਾ ਸੁਪਨਾ | 36 |
| * | ਬੁੱਤ ਦੇ ਪੈਰ | 42 |
| * | ਮਰਨਾ ਨਹੀਂ, ਲੜਨਾ ਚਾਹੀਦਾ ਐ | 49 |
| * | ਮੈਨੂੰ ਮੇਰਾ ਆਕਾਸ਼ ਦੇ ਦੋ | 51 |
| * | ਜੇ ਖੁਦਾ ਹੀ ਆਪ ਕਹੇ | 52 |
| * | ਤੈਨੂੰ ਯਾਦ ਕਰਾਂ ਤਾਂ ਕੀ ਕਰਾਂ | 61 |
| * | ਮੈਨੂੰ ਉਲਾਂਭਾ ਨਾ ਦਈਂ | 63 |
| * | ਹਨ੍ਹੇਰੇ ਦੇ ਜੀਵ | 65 |
| * | ਇਕ ਜਨਮ ਹੋਰ | 66 |
| * | ਤੂੰ ਫੇਰ ਆਵੀਂ | 69 |
| * | ਚਲਦੀਆਂ ਫਿਰਦੀਆਂ ਚਿਤਾਵਾਂ | 70 |
| * | ਜ਼ਿੰਦਗੀ ਜਸ਼ਨ ਨਹੀਂ | 72 |
| * | ਅੱਜ ਕਿਸੇ ਨੇ ਆਉਣਾ ਹੈ | 74 |
| * | ਅੰਧੇਰਾ | 76 |

* ਸੜਕ 78
* ਸਿਰਜਣਹਾਰ ਲੋਕ 80
* ਚੇਤਨਾ ਦੀ ਭੁੱਖ 82
* ਗਰਭ ਦੀ ਜੂਨ ਤਾਂ ਸੌਖੀ ਹੈ 84
* ਬੰਦ ਦਰਵਾਜ਼ੇ 86
* ਦੀਵਾਲੀ ਦੇ ਦਿਨ 89
* ਮੁੜ ਜੰਮਾਂਗੇ 91
* ਰੋਜ਼ ਗਾਰਡਨ ਦਾ ਰੱਬ 93
* ਹੁਣ ਮੈਂ ਗੁੰਮ ਹਾਂ 96
* ਕਵਿਤਾ ਦੇ ਨਾਹਰੇ 99
* ਮਿੱਟੀ ਦੇ ਸੁਆਲ 102

## ਰੁਕਮਣੀ

ਮੈਂ ਅਨੇਕਾਂ ਵਾਰ
ਮੰਦਰ ਦੇ ਕੋਲੋਂ ਲੰਘਦਾ,
ਸਿਰ ਝੁਕਾਅ ਕੇ ਲੰਘਦਾ ।
ਕਿਉਂਕਿ ਮੈਂ ਸੋਚਦਾਂ
ਇਹ ਵੀ ਇਕ ਧਰਮ ਹੈ
ਮੇਰੇ ਪੁਰਖਿਆਂ ਦਾ ਧਰਮ ਹੈ ।

ਇਕ ਮੰਦਰ 'ਚ
ਸੀਤਾ ਰਾਮ ਨਾਲ ਬੈਠੀ ਹੈ
ਪਾਰਬਤੀ ਸ਼ਿਵਾ ਨਾਲ ਬੈਠੀ ਹੈ
ਰਾਧਾ ਕ੍ਰਿਸ਼ਨ ਨਾਲ ਬੈਠੀ ਹੈ ।

ਮੇਰੇ ਦੇਸ਼ ਦੇ ਇਹ ਦੇਵਤੇ
ਇਹ ਸਾਡੇ ਪੁਰਖੇ ।

ਮੈਂ ਕਦੇ ਨਹੀਂ ਸੀ ਸੋਚਿਆ,
ਨੀਝ ਲਗਾ ਕੇ ਨਹੀਂ ਸੀ ਦੇਖਿਆ ।
ਮੈਂ ਸਮਝਦਾ ਸਾਂ
ਇਹ ਸਭ ਪਤੀ ਪਤਨੀ ਹਨ ।

ਪਰ ਜਦੋਂ ਮੈਨੂੰ ਕਿਸੇ ਨੇ ਦੱਸਿਆ,
ਕ੍ਰਿਸ਼ਨ ਦੀ ਪਤਨੀ ਤਾਂ
ਰੁਕਮਣੀ ਸੀ ।
ਮੈਂ ਚੌਂਕ ਗਿਆ
ਭੱਜਦਾ ਹੀ ਭੱਜਦਾ
ਮੈਂ ਰੁਕਮਣੀ ਕੋਲ ਗਿਆ

ਮੈਂ ਪੁੱਛਿਆ;
ਹੇ ਰੁਕਮਣੀ !
ਇਹ ਰਾਧਾ ਕੌਣ ਹੈ ?

ਮੈਨੂੰ ਪਤਾ ਨਹੀਂ,
ਰੁਕਮਣੀ ਨੇ ਮੈਨੂੰ ਕੀ ਜਵਾਬ ਦਿੱਤਾ ।
ਪਰ ਮੇਰਾ
ਮੇਰੇ ਪੁਰਖਿਆਂ ਅੱਗੇ ਸਿਰ ਝੁੱਕ ਗਿਆ ।
ਰੂਹਾਨੀ ਪ੍ਰੇਮ ਨੂੰ ਜਿਨ੍ਹਾਂ
ਪੂਜਾ ਦਾ ਧਾਮ ਬਣਾ ਦਿੱਤਾ ।

# ਭਗਤ ਸਿੰਘ ਦੀ ਪੱਗ

ਲੜ ਲੜ ਮਰਦੇ ਨੇ;
ਤੇਰੇ ਸਿਰ ਪੱਗ ਧਰਦੇ ਨੇ ।

ਤੈਨੂੰ ਸਿੱਖ ਕਹਿੰਦੇ ਨੇ,
ਤੇਰੀ ਸਿੱਖੀ ਤੋਂ ਦੂਰ ਰਹਿੰਦੇ ਨੇ ।

ਤੂੰ ਨਾ ਅੰਮ੍ਰਿਤ ਛੱਕਿਆ ਸੀ,
ਨਾ ਹਰਿਮੰਦਰ ਸਾਹਿਬ ਵੜਿਆ ਸੀ ।

ਜਿਸ ਧਰਮ ਦੀ ਖਾਤਰ
ਤੂੰ ਕੇਸ ਕਟਾ ਦਿੱਤੇ ।
ਦਾੜ੍ਹੀ ਬਾਲ-ਅੰਞਾਣੀ ਸੀ
ਤੂੰ ਵਾਲ ਕਟਾ ਦਿੱਤੇ ।

ਉਹ ਧਰਮ ਤੇਰਾ ਸੀ
ਜਿਸ ਨੂੰ ਉਹ ਧਰਮ ਮੰਨਦੇ ਨਹੀਂ,
ਜਿਸ ਜ਼ੁਲਮ ਵਿਰੁਧ ਤੂੰ
ਸੂਲੀ ਚੜ੍ਹ ਗਿਓਂ, ਉਸ ਨੂੰ ਜ਼ੁਲਮ ਮੰਨਦੇ ਨਹੀਂ ।

ਤੇਰਾ ਧਰਮ ਤਾਂ ਉਹ ਧਰਮ ਸੀ;
ਜੋ ਰੱਬ ਦਾ ਧਰਮ ਹੈ ।
ਰੱਬ ਦਾ ਕੋਈ ਧਰਮ ਨਹੀਂ ਹੁੰਦਾ
ਤੇਰਾ ਵੀ ਕੋਈ ਧਰਮ ਨਹੀਂ ਸੀ
ਤੂੰ ਤਾਂ ਰੱਬ ਵਰਗਾ ਸੈਂ ।

ਐ ਸ਼ਹੀਦ ਭਗਤ ਸਿੰਘ,
ਤੇਰੇ ਧਰਮ ਤੋਂ ਮੁਨਕਰ ਨੇ ਉਹ ।
ਹੱਕ ਲਈ
ਲੜਨ ਤੋਂ ਮੁਨਕਰ ਨੇ ਉਹ ।

ਜੋ ਤੂੰ ਪੜ੍ਹਿਆ ਸੀ, ਪੜ੍ਹਦੇ ਕਿਉਂ ਨਹੀਂ ਉਹ ?
ਤੂੰ ਗਰੀਬ ਲਈ ਲੜਿਆ ਸੈਂ
ਉਹਨਾਂ ਲਈ ਲੜਦੇ ਕਿਉਂ ਨਹੀਂ ਉਹ ?

ਜ਼ਿੰਦਗੀ ਖੁਦਕੁਸ਼ੀ ਕਰਕੇ
ਅੱਜ ਮਰ ਰਹੀ ਹੈ ।
ਐ ਸ਼ਹੀਦ ਭਗਤ ਸਿੰਘ
ਤੈਨੂੰ ਯਾਦ ਕਰ ਰਹੀ ਹੈ ।

ਉਹ ਚੁੱਪ ਨੇ,
ਜ਼ਿੰਦਗੀ ਨੂੰ ਮਰਦੀ ਦੇਖ ਕੇ,
ਉਹ ਖੁਸ਼ ਨੇ,
ਤੇਰੇ ਸਿਰ ਪੱਗੜੀ ਦੇਖ ਕੇ ।

✵✵

# ਚੰਦਨ ਦੀ ਟਾਹਣੀ

ਕੋਮਲ ਕੋਮਲ,
ਸੁੰਦਰ ਜਿਹੀ,
ਤੇਰੀ ਚੰਦਨ ਦੇਹੀ ।
ਜਿਸ ਨਾਲ ਅਸੀਂ ਸੱਪ ਬਣ ਲਟਕੇ ।
ਤੂੰ ਸ਼ਾਂਤ ਰਹੀ
ਅਡੋਲ ਰਹੀ
ਤੂੰ ਬਹੁਤ ਸ਼ਰਮਾਈ ।

ਸਾਡੀ ਬੁੱਧ ਮੋਟੀ
ਸਾਡੀ ਨੀਅਤ ਖੋਟੀ
ਡੱਡ ਨੂੰ ਤੱਕ ਕੇ
ਅਸੀਂ ਡੱਡ ਵੱਲ ਲਪਕੇ
ਤੂੰ ਚੰਦਨ-ਟਾਹਣੀ
ਕੰਬੀ ਤੇ ਮੁਰਝਾਈ

**

# ਅਧੂਰੇ ਰਾਵਣ

ਹੇ ਪੰਡਿਤ ਜੀ
ਦੱਸ ਸਿਰ ਸਨ ਜੇ ਰਾਵਣ ਦੇ;
ਉਹ ਕਿਵੇਂ ਲੈਂਦਾ ਸੀ ਪਾਸਾ
ਸੌਣ ਲਈ।
ਆਰਾਮ ਕਰਨ ਲਈ;
ਆਪਣੇ ਆਪ ਨੂੰ ਆਸਾਨ ਕਰਨ ਲਈ।

ਭਾਈ ਬੰਦਿਆ,
ਤੂੰ ਬਹੁਤ ਭੋਲਾ ਏਂ,
ਅਕਲ ਬਾਝੋਂ ਨਿਰਾ ਖੋਲ਼ਾ ਏ।

ਰਾਵਣ ਦਾ ਤਾਂ
ਇਕੋ ਸਿਰ ਸੀ।
ਇਕੋ ਸਿਰ ਵਿਚ ਦਸ ਅਕਲਾਂ ਸਨ;
ਜਿਹਨਾਂ ਦੀਆਂ ਵੱਖ ਵੱਖ ਸ਼ਕਲਾਂ ਸਨ।

ਹੰਕਾਰ ਦੀ, ਗਿਆਨ ਦੀ,
ਕਰੋਧ ਦੀ, ਕਾਮ ਦੀ,
ਦਵੇਸ਼ ਦੀ, ਦੰਭ ਦੀ,
ਹਿੰਸਾ ਦੀ, ਪਾਖੰਡ ਦੀ,
ਈਰਖਾ ਦੀ,
ਮੂਰਖਤਾ ਦੀ।

ਫਿਰ ਤਾਂ ਪੰਡਤ ਜੀ,
ਅਸੀਂ ਵੀ ਰਾਵਣ ਹਾਂ;
ਭਾਵੇਂ ਅਧੂਰੇ ਹਾਂ,
ਭਾਵੇਂ ਪੂਰੇ ਹਾਂ।

ਹਾਂ ਬੰਦਿਆ;
ਇਹ ਸਭ ਬੰਦੇ
ਅਧੂਰੇ ਰਾਵਣ ਨੇ ।
ਕਈ ਤਾਂ ਬਹੁਤ ਵੱਡੇ ਰਾਵਣ ਨੇ ।

ਹੇ ਪੰਡਿਤ ਜੀ,
ਕੀ ਅੱਜ ਕੱਲ੍ਹ, ਰਾਮ ਹੁੰਦੇ ਹੀ ਨਹੀਂ;
ਜੰਮਦੇ ਹੀ ਨਹੀਂ ।

ਨਹੀਂ ਬੰਦਿਆ
ਰਾਮ ਤਾਂ ਅੱਜ ਵੀ ਜੰਮਦੇ ਨੇ
ਕਈ ਬੰਦੇ ਤਾਂ ਬਹੁਤ ਕੰਮ ਦੇ ਨੇ ।

ਅੱਜ ਕੱਲ੍ਹ ਦੇ ਰਾਮ
ਕੁੱਝ ਜੰਗਲੀਂ ਚਲੇ ਜਾਂਦੇ ਨੇ
ਕੁਝ ਪਹਾੜੀ ਚੜ੍ਹ ਜਾਂਦੇ ਨੇ;
ਹੋਰ ਕੁਝ ਕਰਦੇ ਨਹੀਂ ।

ਅੱਜ ਕੱਲ੍ਹ ਦੇ ਰਾਮ
ਰਾਵਣ ਨਾਲ ਲੜਦੇ ਨਹੀਂ ।

✵✵

## ਗੜਵੀ ਦਾ ਪਾਣੀ

ਤੂੰ ਮੈਨੂੰ ਕਿਵੇਂ ਭੁੱਲ ਗਈ,
ਮੈਂ ਤੈਨੂੰ ਕਿਵੇਂ ਭੁੱਲ ਗਿਆ ।

ਜ਼ਿੰਦਗੀ ਦੀ ਗੜਵੀ ਦਾ ਪਾਣੀ
ਸਾਥੋਂ ਕਿਵੇਂ ਡੁਲ੍ਹ ਗਿਆ ।

ਠੀਕ ਉਸੇ ਤਰ੍ਹਾਂ
ਜਿਵੇਂ ਦੁੱਧ ਚੋਣ ਤੋਂ ਬਾਅਦ
ਬਾਲਟੀ ਤਿਲਕ ਜਾਂਦੀ ਏ ।
ਸੁਆਣੀ ਵਿਲਕ ਪੈਂਦੀ ਏ ।
ਚੰਦਰੇ ਵਕਤ ਨੂੰ ਕੋਸਦੀ ਏ ।

ਆਪਣਾ ਮਿਲਣਾ ਤਾਂ,
ਧਰਤੀ ਅਤੇ ਆਕਾਸ਼ ਦਾ ਮਿਲਣਾ ਸੀ ।
ਜੋ ਚੰਦਰੇ ਜਹਾਨ ਨੂੰ ਹੀ
ਨਜ਼ਰ ਆਉਂਦਾ ਸੀ ।
ਪਰ ਅਸੀਂ ਤਾਂ ਕਦੇ ਮਿਲੇ ਹੀ ਨਹੀਂ ।

ਨਾ ਤੂੰ ਖ਼ਤਾਅ ਕੀਤੀ ਹੈ;
ਨਾ ਮੈਂ ਖ਼ਤਾਅ ਕੀਤੀ ਹੈ;
ਸਾਨੂੰ ਤਾਂ ਰੱਬ ਨੇ ਹੀ ਕੋਈ ਸਜ਼ਾ ਦਿੱਤੀ ਹੈ ।

ਤੂੰ ਭੁੱਲ ਗਈ ਮੈਨੂੰ;
ਮੈਂ ਭੁੱਲ ਗਿਆ ਤੈਨੂੰ;
ਅਸਾਂ ਕੁਝ ਨਹੀਂ ਕੀਤਾ;
ਐਵੇਂ ਜ਼ਿੰਦਗੀ ਖਫ਼ਾ ਕੀਤੀ ਹੈ ।

ਤੂੰ ਵੀ ਭੁੱਲ ਗਈ ਏਂ
ਮੈਂ ਵੀ ਭੁੱਲ ਗਿਆ ਹਾਂ,
ਸਾਡੇ ਭਾਅ ਦਾ ਕੁਝ ਨਹੀਂ ਹੋਇਆ;
ਪਰ ਰੱਬ ਨੇ ਤਾਂ
ਆਪਣੇ ਖ਼ਾਤੇ 'ਚ ਲਿਖ ਲਿਆ ਏ ।

✵✵

# ਕੁੱਤਾ ਭੌਂਕਦਾ ਹੈ

ਆਤਮਾ ਕਲਪ ਉਠਦੀ ਐ;
ਕਈ ਸਵਾਲ ਕਰਦੀ ਹੈ;
ਮਨ ਚੁੱਪ ਹੋ ਜਾਂਦਾ ਐ;
ਪਰ ਇੱਕ ਕੁੱਤਾ ਭੌਂਕਦਾ ਹੈ ।

ਸ਼ਾਮ ਦਾ ਸੂਰਜ
ਬਹੁਤ ਫਿਕਰਮੰਦ ਹੈ;
ਇਕ ਪਾਪਣ ਰਾਤ ਨੇ ਆਉਣੈ ।
ਪਤਾ ਨਹੀਂ ਉਸ ਨੇ
ਕੀ ਕੀ ਕਰ ਜਾਣੈ ।

ਰਾਤ ਦੇ ਅੰਧੇਰੇ ਨੇ
ਬੰਦੂਕਾਂ ਰੱਖ ਕੇ ਮੋਢੇ
ਮੌਤ ਨੂੰ ਨਾਲ ਲੈ ਆਉਣੈ ।

ਅਜੇ ਤਾਂ ਸੂਰਜ ਨੇ ਸਿਰਫ
ਅੱਖ ਨੂਟੀ ਸੀ ।
ਦੋ ਤਿੰਨ ਬੰਦੂਕਾਂ
ਪੰਜ-ਦੱਸ ਬੰਦਿਆਂ ਨੂੰ
ਘੂਰਦੀਆਂ ਪਈਆਂ ਨੇ ।

ਲੋਕ ਡਰੇ ਹੋਏ,
ਸਹਿਮੇ ਹੋਏ,
ਦੋ ਬੰਦੂਕਾਂ
ਇੱਕ ਅੱਲ੍ਹੜ ਕੁੜੀ ਨੂੰ
ਕਮਾਦ ਵਲ ਧੂਈ ਜਾ ਰਹੀਆਂ ਨੇ ।
ਕਮਾਦ ਡਰਦਾ ਏ ।

ਸੂਰਜ ਸ਼ਰਮ ਦਾ ਮਾਰਾ,
ਹਨ੍ਹੇਰੇ ਦਾ ਪੱਲਾ
ਮੂੰਹ 'ਤੇ ਕਰਦਾ ਏ ।

ਕੁੜੀ ਚੀਕਦੀ ਏ,
ਬਾਪੂ ਨੂੰ 'ਵਾਜ਼ਾਂ ਮਾਰਦੀ ਏ ।
ਧੀਏ ਮੈਂ ਬੇ-ਵੱਸ ਹਾਂ ।
ਬਾਪ ਰੋਂਦਾ ਏ;
ਮਾਂ ਵਿਲਕਦੀ ਏ;
ਵੇ-ਜ਼ਾਲਮੋ ਜ਼ੁਲਮ ਨਾ ਕਰੋ ।

ਖੇਤਾਂ 'ਚ ਖੜ੍ਹੇ ਕੁਝ ਲੋਕ
ਦੇਖਦੇ ਪਏ ਨੇ;
ਸੋਚਦੇ ਪਏ ਨੇ;
ਇਸ ਜ਼ੁਲਮ ਨੂੰ ਕੌਣ ਰੋਕੇਗਾ ?
ਰੱਬ ਵੀ ਰੋਕ ਨਹੀਂ ਸਕਦਾ ।

ਇਕ ਧੀ ਨਾਲ ਹੋਣ ਵਾਲੀ ਹੋਣੀ
ਉਹਨਾਂ ਨੂੰ ਨਜ਼ਰ ਆਉਂਦੀ ਏ ।

ਦਿਲ ਕੰਬ ਰਹੇ ਹਨ;
ਰੂਹਾਂ ਰੋ ਰਹੀਆਂ ਨੇ ।
ਪਰ ਇੱਕ ਕੁੱਤਾ ਭੌਂਕਦਾ ਏ ।
ਬੰਦੂਕਾਂ ਵਾਲਿਆਂ ਨੂੰ ਰੋਕਦਾ ਏ ।

ਬੇ-ਵੱਸ ਕਿਸੇ ਦੀ ਧੀ ਨੂੰ
ਕਮਾਦ ਨਿਗਲ ਗਿਆ ।

ਦੂਜੇ ਦਿਨ
ਅਖ਼ਬਾਰ ਵਿੱਚ
ਇਕ ਖਬਰ ਡੁਸਕੀਆਂ ਭਰਦੀ ਏ ।
ਉਸ ਵਿੱਚ
ਇੱਕ ਕੁੱਤਾ ਭੌਂਕਦਾ ਏ
ਮੇਰੀ ਆਤਮਾ ਵਿੱਚ
ਉਹ ਕੁੱਤਾ ਅਜੇ ਵੀ ਭੌਂਕਦਾ ਏ.............
ਅਜੇ ਵੀ ਭੌਂਕਦਾ ਏ ।

✵✵

## ਰੌਕ-ਗਾਰਡਨ

ਮੇਰੇ ਸ਼ਹਿਰ ਦਾ ਰੌਕ ਗਾਰਡਨ
ਕਲਾ ਦਾ ਆਸ਼ਰਮ ਆਸਤਨ,

ਅਜੀਬ ਕਿਸਮ ਦੇ ਆਦਮੀ ਨੇ
ਅਜੀਬ ਕਿਸਮ ਦੀ ਕਲਾ ਨੂੰ ਹੱਥ ਪਾਇਆ ।
ਟੁੱਟੀਆਂ ਭੱਜੀਆਂ
ਸੁੱਟੀਆਂ ਫਿੱਟੀਆਂ ਚੀਜ਼ਾਂ ਦਾ ਜੱਸ ਗਾਇਆ ।
ਭੁੱਲੇ ਵਿਸਰੇ
ਜ਼ਿੰਦਗੀ ਦੇ ਸਾਧਨਾਂ ਨੂੰ ਨਮਸਕਾਰ ਕੀਤੀ ।
ਬੀਤ ਚੁੱਕੀ ਜ਼ਿੰਦਗੀ ਮੁੜ ਸਾਕਾਰ ਕੀਤੀ ।

ਖੂਹਾਂ, ਲੱਜਾਂ, ਡੋਲੂਆਂ ਨੂੰ ਕਰ ਇਕੱਠਾ
ਉਹਨਾਂ ਨਾਲ ਗੱਲ-ਬਾਤ ਕੀਤੀ ।
ਚਿੱਬ-ਖੜੱਬੇ ਜਿਹੇ ਬੰਦੇ
ਵੱਖ-ਵੱਖ ਮੁਦਰਾ 'ਚ ਬਿਠਾਏ ਉਸ ਨੇ;
ਬੁੱਝ ਚੁੱਕੀ ਜ਼ਿੰਦਗੀ ਦੇ ਫਿਰ
ਦੀਪ ਜਗਾਏ ਉਸ ਨੇ ।

ਚੂੜੀਆਂ ਦੇ ਰੰਗ,
ਚੂੜੀਆਂ ਦਾ ਮੋਹ,
ਬੇਜਾਨ ਮਨੁੱਖਾਂ ਨੂੰ ਵੀ ਹੁੰਦਾ ਹੈ,
ਜ਼ਿੰਦਗੀ ਰੰਗਾਂ 'ਚ ਜਿਊਂਦੀ ਹੈ,
ਰੰਗਾਂ 'ਚ ਰੁਮਕਦੀ ਹੈ ।

ਕਿਸੇ ਦੇ ਨਸੀਬ ਵਿਚ
ਜੂਠਾ ਕੱਪ ਅਇਆ;
ਕਿਸੇ ਦੇ ਹੱਥ ਟੁੱਟੀ ਪਲੇਟ ਆਈ ।

ਇਹ ਚਿੱਬ-ਖੜਿੱਬੇ ਲੋਕ ਤਾਂ
ਕੁੰਦਰਾਂ 'ਚ ਰਹਿੰਦੇ ਨੇ;
ਗੁਫਾਵਾਂ ਵਿੱਚ ਵੱਸਦੇ ਨੇ;
ਉਹਨਾਂ ਦੇ ਨਸੀਬ ਤਾਂ ਉਥੇ ਵੀ ਹੱਸਦੇ ਨੇ ।

ਉਹ ਬੁੱਝੀਆਂ ਹੋਈਆਂ
ਬਿਜਲੀ ਦੀਆਂ ਟਿਊਬਾਂ;
ਜਿਹਨਾਂ ਦੀ ਜ਼ਿੰਦਗੀ 'ਚ ਰੋਸ਼ਨੀ ਖਤਮ ਹੋਈ;
ਤੇਰੀ ਕਲਾ ਦੀ ਗੋਦ ਵਿੱਚ
ਉਹਨਾਂ ਆਰਾਮ ਪਾਇਆ ।

ਲੁੱਕ ਦੇ ਢੋਲ,
ਜਿਹਨਾਂ ਨੂੰ ਛੂਹਿਆ ਉਹਨਾਂ ਹੱਥਾਂ ਨੇ,
ਜਿਹਨਾਂ ਨੇ
ਦੇਸ਼ ਦੀਆਂ ਸੜਕਾਂ 'ਤੇ
ਜੇਠ-ਹਾੜ ਦੇ ਮਹੀਨੇ ਪਿਘਲਦੀ ਲੁੱਕ ਪਾਈ ।
ਉਹਨਾਂ ਦੇ ਪਸੀਨੇ ਦੇ ਦਾਗ਼
ਮੇਰੇ ਨਾਲ ਕਰਨ ਗੱਲਾਂ ।

ਇਹਨਾਂ ਛੋਟੇ-ਛੋਟੇ ਲੋਕਾਂ ਦੇ,
ਛੋਟੇ-ਛੋਟੇ ਘਰ;
ਜਿਹਨਾਂ ਦੇ ਛੋਟੇ-ਛੋਟੇ
ਦਰਵਾਜ਼ੇ ਤੇ ਬਾਰੀਆਂ,
ਜੋ ਸਦਾ ਖੁੱਲ੍ਹੀਆਂ ਰਹਿੰਦੀਆਂ,

ਹੇ ਨੇਕ ਚੰਦ !
ਇਹ ਲੋਕ ਤੇਰੇ ਰੌਕ-ਗਾਰਡਨ ਵਿੱਚ ਆ ਬੈਠ ਨੇ ।

ਨਵੀਂ ਸੱਭਿਅਤਾ ਨਾਲ
ਰਿਸ਼ਤਾ ਬਣਾ ਬੈਠੇ ਨੇ ।

ਇਹ ਟੁੱਟੀਆਂ ਚੂੜੀਆਂ ਦੇ ਲੋਕ,
ਇਹ ਟੁੱਟੀਆਂ ਪਲੇਟਾਂ ਦੇ ਲੋਕ,
ਸਦਾ ਜਿਊਂਦੇ ਰਹਿਣੇ ਨੇ
ਇਹ ਕਦੇ ਨਹੀਂ ਮਰਨੇ...........
ਇਹ ਕਦੇ ਨਹੀਂ ਮਰਨੇ........... ।

# ਨੀਚ ਲੋਕ

ਇਸ ਪਲਸੋਰਾ ਪਿੰਡ ਦੀ
ਕਲੋਨੀ ਦੇ ਲੋਕ,
ਬਹੁਤ ਦੁਖੀ ਲੋਕ,
ਦੇਸ ਪ੍ਰਦੇਸ਼ ਤੋਂ ਰੋਟੀ ਦੀ ਭਾਲ ਵਿਚ
ਆਏ ਲੋਕ;
ਉਹ ਬ੍ਰਾਹਮਣ
ਰਾਜਪੂਤ, ਯਾਦਵ ਲੋਕ ।

ਉਹ ਲੋਕ ਬਹੁਤ ਫ਼ਿਕਰਮੰਦ ਸਨ ।
ਬਲਡੋਜਰ ਆਏਗਾ
ਢੱਠ ਜਾਣਗੇ ਸਾਡੇ ਘਰ ।
ਘਰੋਂ ਬੇ-ਘਰ ਹੋ ਜਾਵਾਂਗੇ
ਕਿੱਥੇ ਜਾਵਾਂਗੇ ਅਸੀਂ ?
ਇਹ ਸਰਕਾਰ ਕਿਉਂ ਨਹੀਂ ਸੋਚਦੀ ।

ਬਲਡੋਜਰ ਆਇਆ
ਗਰੀਬ ਲੋਕਾਂ ਦੇ ਗਰੀਬ ਘਰ,
ਮਿੱਟੀ ਗਾਰੇ ਦੇ ਝੌਂਪੜੇ,
ਉਹ ਗਰੀਬ ਦਾ ਸਵਰਗ-ਲੋਕ,
ਉਹਨਾਂ ਦੀ ਇੰਦਰ-ਪੁਰੀ,
ਢੱਠ ਗਈ ।
ਲੋਕ ਤੁਰ ਗਏ;
ਮਨ ਵਿਚ ਕਈ ਯੁੱਗਾਂ ਦਾ ਫਿਕਰ ਲੈ ਕੇ ।

ਅਸੀਂ ਚੰਡੀਗੜ੍ਹ ਦੇ ਲੋਕ,
ਨੌਕਰੀਆਂ ਵਾਲੇ ਲੋਕ,
ਕੁਰਸੀਆਂ 'ਤੇ ਬਹਿ ਕੇ

ਕੰਮ ਕਰਨ ਵਾਲੇ ਲੋਕ
ਸਭ ਖੁਸ਼ ਸਨ ।
ਚੰਗਾ ਹੋਇਆ ਚਲੇ ਗਏ,
ਜੰਗਲ ਦੇ ਲੋਕ,
ਜ਼ਰਾਇਮ-ਪੇਸ਼ਾ ਕਮੀਨ ਲੋਕ
ਚੋਰ, ਉਚੱਕੇ, ਗੰਦੇ ਲੋਕ ।

ਅਸੀਂ ਸੜਕ ਤੋਂ ਉਰ੍ਹੇ ਦੇ ਲੋਕ,
ਸਾਡੇ ਵਿਚ ਵੀ ਸਨ
ਕੁਝ ਬ੍ਰਾਹਮਣ
ਕੁਝ ਖੋਸਲੇ, ਗਰਗ, ਮਹਾਜਨ ਲੋਕ
ਕੁਝ ਨੀਚੋਂ ਊਚ ਬਣੇ,
ਪੱਟੀ-ਦਰਜ ਜਾਤੀਆਂ ਦੇ ਲੋਕ;
ਅਸੀਂ ਸਭ ਸੰਤੁਸ਼ਟ ਸਾਂ ।
ਅਸੀਂ ਸਭ ਮੁਕਤ ਸਾਂ ।

ਪਰ ਮੇਰੇ ਜ਼ਿਹਨ ਨੂੰ
ਇਕ ਸੁਆਲ ਦਾ ਜਵਾਬ ਨਹੀਂ ਸੀ ਮਿਲਦਾ ।
ਕੀ ਝੁੱਗੀਆਂ ਵਿਚ ਰਹਿਣ ਵਾਲੇ ਸਾਰੇ ਲੋਕ
ਨੀਚ ਹੁੰਦੇ ਹਨ ?
ਕਮੀਨ ਹੁੰਦੇ ਹਨ ?

**

## ਕਵਿਤਾ ਵਿਚਾਰੀ ਕੀ ਕਰੇ

ਕਵਿਤਾ ਤਾਂ ਰੋਜ਼ ਲਿਖੀ ਜਾਂਦੀ ਏ ।
ਢੇਰਾਂ ਦੇ ਢੇਰ ਲਿਖੀ ਜਾਂਦੀ ਏ ।
ਇਨਕਲਾਬ ਦੀ ਗੱਲ ਕਰਦੀ ਏ ।

ਸਿਰਫ ਕਵਿਤਾ ਲਿਖਣ ਨਾਲ
ਇਨਕਲਾਬ ਨਹੀਂ ਆਉਂਦਾ ।
ਕਵਿਤਾ ਪੜ੍ਹ ਕੇ, ਜੇ ਉਸ ਦਾ
ਖ਼ੁਆਬ ਨਹੀਂ ਆਉਂਦਾ ।

ਇਨਕਲਾਬ ਤਾਂ ਉਹ ਸੁਆਲ ਹੈ;
ਜਿਸ ਦੀ ਜਮ੍ਹਾਂ ਮਨਫੀ,
ਜਿਸ ਦੀ ਜਰਬ-ਤਕਸੀਮ,
ਖੂਨ ਨਾਲ ਲਿਖੀ ਜਾਂਦੀ ਏ ।
ਕਈ ਪੁੱਤਾਂ ਨੂੰ, ਚਾੜ੍ਹ ਕੇ ਸੂਲੀ,
ਫਿਰ ਵੀ
ਉਸ ਦਾ ਜਵਾਬ ਨਹੀਂ ਆਉਂਦਾ ।

ਇਨਕਲਾਬ ਦਾ ਬੁੱਢੜਾ ਕਵਿਤਾ ਦੇ ਘਰ
ਹਰ ਰੋਜ਼ ਹੈ ਆਉਂਦਾ;
ਹਾਰਿਆ ਹੰਭਿਆ,
ਥੱਕਿਆ ਟੁੱਟਿਆ,
ਕਵਿਤਾ ਦੀ ਮੰਜੀ ਤੇ ਆ ਕੇ ਸੌਂ ਹੈ ਜਾਂਦਾ ।
ਉਹ ਤਾਂ ਇਨਕਲਾਬੀਆਂ ਹੱਥੋਂ ਹਾਰ ਹੁੱਟ ਗਿਆ ਹੈ ।

ਇਨਕਲਾਬ ਤਾਂ ਬੱਕੀ ਹੈ ;
ਮਿਰਜ਼ੇ ਦੀ ।
ਉਸ ਨੂੰ ਕੋਈ ਅਸਵਾਰ ਨਹੀਂ ਮਿਲਿਆ ।

ਬੇੜੀ ਤਾਂ
ਦਰਿਆ 'ਚ ਤਰਦੀ ਹੈ
ਉਸ ਨੂੰ
ਕੋਈ ਪਤਵਾਰ ਨਹੀਂ ਮਿਲਿਆ ।

ਐ ਮੇਰੇ ਦੇਸ਼ ਦੀ ਜ਼ਿੰਦਗੀ,
ਤੇਰੀ ਕਿਸਮਤ ਹੀ ਮਾੜੀ ਹੈ ।
ਲਾਲ ਕਿਲ੍ਹਾ ਤਾਂ ਦੂਰ ਨਹੀਂ
ਤੈਨੂੰ ਕੋਈ ਸ਼ਾਹ-ਸਵਾਰ ਨਹੀਂ ਮਿਲਿਆ ।

✵✵

## ਰਾਮ ਦਾ ਸੁਪਨਾ

ਦੁੱਖਾਂ ਦੀ ਨੀਂਦ,
ਹਉਕਿਆਂ ਦੀ ਨੀਂਦ,
ਪਤਨੀ ਦੇ ਵਿਯੋਗ ਦੀ ਨੀਂਦ,
ਜ਼ਿੰਦਗੀ ਦੀ ਧੂੜ ਦੇ
ਗੁਬਾਰ ਨਾਲ ਭਰੀ ਨੀਂਦ,
ਇਹ ਉਸ ਰਾਮ ਦੀ ਨੀਂਦ ਹੈ,
ਜਿਸ ਦੀ ਸੀਤਾ
ਬਨਵਾਸ ਲਈ ਵਿਦਾਅ ਹੋ ਗਈ;
ਉਹ ਨੀਂਦ ਸੁਪਨੇ ਨੂੰ
ਜਨਮ ਨਾ ਦਏ ਤਾਂ ਹੋਰ ਕੀ ਕਰੇ ।

ਹੇ ਸੀਤੇ !
ਤੂੰ ਆ ਗਈ ਏਂ ?
ਇਸ ਰਾਮ ਦੇ ਹਿਰਦੇ ਨੂੰ ਆਰਾਮ ਨਹੀਂ,
ਇਸ ਨੂੰ ਨਾ ਹੋਰ ਤੜਪਾ ।
ਮੇਰੇ ਹਿਰਦੇ ਦੀ ਕਿਤਾਬ ਖੋਲ੍ਹ,
ਆਪਣੇ ਹਿਰਦੇ ਦੀ ਕਿਤਾਬ ਖੋਲ੍ਹ,
ਇਹਨਾਂ ਨੂੰ ਪੜ੍ਹ,
ਮੇਰੇ ਨਾਲ ਕਰ ਦੋ ਗੱਲਾਂ ।

ਹੇ ਰਾਮ,
ਮੈਂ ਜ਼ਰੂਰ ਆਈ ਹਾਂ ।
ਮੈਂ ਤਾਂ ਇਕ ਬਨਵਾਸਣ ਹਾਂ ।
ਤੇਰੀ ਮਰਯਾਦਾ ਦੀਆਂ
ਬੇੜੀਆਂ ਮੇਰੇ ਪੈਰਾਂ 'ਚ;
ਤੇਰੇ ਰਾਜ ਮਹਿਲਾਂ 'ਚ ਨਹੀਂ
ਤੇਰੇ ਸੁਪਨੇ 'ਚ ਤਾਂ
ਆ ਹੀ ਸਕਦੀ ਹਾਂ ।

ਉਠ ਜੰਗਲ ਨੂੰ ਤੁਰ ;
ਚਿਤਰਕੂਟ ਨੂੰ ਚੱਲ ;
ਮੇਰੇ ਨਾਲ ਗੱਲਾਂ ਕਰਨ ਲਈ
ਬਨਵਾਸ ਫਿਰ ਧਾਰਨ ਕਰ ।
ਜਿਵੇਂ ਮੈਂ ਤੇਰੇ ਮਗਰ ਤੁਰੀ ਸਾਂ,
ਮੇਰੇ ਮਗਰ ਆ ।
ਇੱਕ ਹੋਰ ਮਰਯਾਦਾ ਨਿਭਾਅ ।

ਹੇ ਰਾਮ !
ਇਹ ਚਿਤਰਕੂਟ ਹੈ ।
ਤੇਰੀ ਮਰਯਾਦਾ ਦਾ ਰਾਜ ਮਹਿਲ ਨਹੀਂ ।
ਇਹ ਹੈ ਜ਼ਿੰਦਗ਼ੀ ਦੀ ਕੁਟੀਆ ।
ਜਿਥੇ ਤੂੰ ਤੇ ਮੈਂ,
ਜ਼ਿੰਦਗ਼ੀ ਦੇ ਚੌਦਾਂ ਵਰ੍ਹੇ ਕੱਟੇ ।
ਇਸ ਕੁਟੀਆ ਵਿਚ
ਤੂੰ ਰਾਮ ਹੈਂ ;
ਮੈਂ ਸੀਤਾ ਹਾਂ,
ਸਿਰਫ ਤੂੰ ਤੇ ਮੈਂ ਹਾਂ
ਹੁਣ ਆਪਣੇ ਦਿਲ ਦੀ ਗੱਲ ਕਰ ।

ਇਸ ਕੁਟੀਆ ਨੂੰ ਗਵਾਹ ਬਣਾ ;
ਇਸ ਕੁਸ਼ਾ ਦੀ ਝੁੱਗੀ ਵਿਚ,
ਇਸ ਕੁਸ਼ਾ ਦੇ ਵਿਛਾਉਣੇ 'ਤੇ,
ਅਸਾਂ ਦੁੱਖ-ਸੁੱਖ ਕੱਟੇ ਸਨ ।
ਇਸ ਦੀ ਸੌਂਹ ਖਾਹ ।

ਹੇ ਰਾਮ !
ਰੋਵੋ ਨਾ ;
ਗੱਲ ਕਰੋ,

ਆਪਣੇ ਦਿਲ ਦੀ ਕਿਤਾਬ ਖੋਲ੍ਹੋ,
ਉਸ ਵਿਚ ਮੇਰਾ ਨਾਂ ਪੜ੍ਹੋ ।
ਉਸ ਧੋਬੀ ਦਾ ਨਾਂ ਪੜ੍ਹੋ,
ਉਸ ਨੇ ਜੋ ਕਿਹਾ ਉਸ ਨੂੰ ਪੜ੍ਹੋ;
ਆਪਣੀ ਮਰਯਾਦਾ ਦੀ ਰੇਖਾ ਨੂੰ ਦੇਖੋ ।

ਹੇ ਰਾਮ !
ਹੁਣ ਮੈਂ ਇਕ ਬਨਵਾਸਣ ਹਾਂ !
ਜਲਾਵਤਨੀ ਹਾਂ ।
ਕੀ ਅਜੇ ਵੀ ਤੇਰੀ ਪਤਨੀ ਹਾਂ ?
ਮੈਂ ਤੁਹਾਡੇ ਪਾਸ ਕਿਉਂ ਆਈ ?
ਕਿਉਂਕਿ ਤੇਰੇ ਦੁੱਖ,
ਤੇਰੀ ਤੜਪਣਾ
ਤੇਰੇ ਵੈਰਾਗ ਨਾਲ ਪ੍ਰਣਾਈ ਹਾਂ ।
ਇਹਨਾਂ ਰੂਹਾਂ ਦੇ ਮਿਲਾਪ ਦੀ
ਸੁੱਚੀ ਕੜੀ ਹਨ ।
ਤੇਰੀ ਮਰਯਾਦਾ ਨੇ
ਮੈਨੂੰ ਰਾਜ-ਮਹਿਲ 'ਚੋਂ ਕੱਢ ਦਿੱਤਾ ਹੈ ।
ਰੂਹਾਂ ਦੀ ਤੜਪ ਨੇ ਇਹ ਰਿਸ਼ਤਾ ਰੱਖ ਲਿਤਾ ਹੈ ।

ਕੀ ਮਰਯਾਦਾ ਜ਼ਿੰਦਗੀ ਦੀ ਮੌਤ ਨਹੀਂ ਹੈ ਰਾਮ ?

ਹੇ ਸੀਤੇ !
ਇੰਨੇ ਔਖੇ ਸੁਆਲ ਨਾ ਕਰ,
ਲਾਜਵਾਬ ਨਾ ਕਰ ।
ਬੱਸ ਸਿਰਫ ਇਹ ਸਮਝ
ਕਿ ਮਰਯਾਦਾ ਬਿਨ ਜ਼ਿੰਦਗੀ ਬੇ-ਲੱਜ ਹੁੰਦੀ ਹੈ ।

ਐ ਜਨਕ ਦੀ ਧੀ !
ਐ ਧਰਤ ਦੀ ਜਾਈ !
ਜੇ ਅਸੀਂ ਦੇਵ-ਪੁਰਸ਼ ਹੀ
ਮਰਯਾਦਾ ਦੇ ਬਸਤਰ ਨਹੀਂ ਪਹਿਨਾਂਗੇ ;
ਇਹ ਲੋਕ
ਮੁਕਤ ਹੋ ਜਾਵਣਗੇ;
ਜ਼ਿੰਦਗ਼ੀ ਨਿਰਲੱਜ ਹੋ ਜਾਵੇਗੀ;
ਲੰਗੜੀ ਲੂਲ੍ਹੀ ਹੋ ਜਾਵੇਗੀ ।
ਸਾਡੇ ਪਿਤਾਮਿਆਂ ਨੇ
ਜਿਹਨਾਂ ਦਾ ਨਾਂ ਹਰੀਸ਼ ਚੰਦਰ ਸੀ ;
ਸਗਰ ਸੀ, ਅੰਸ਼ੂਮਾਨ ਸੀ,
ਦਲੀਪ ਤੇ ਭਗੀਰਥ ਸੀ ।
ਜਿਨ੍ਹਾਂ ਨੇ ਲੋਕਾਂ ਲਈ
ਆਕਾਸ਼ 'ਚੋਂ ਗੰਗਾ ਖਿੱਚ ਲਿਆਂਦੀ ।
ਇਸ ਮਰਯਾਦਾ ਲਈ ਬੜੇ ਕਸ਼ਟ ਝੱਲੇ ਸਨ ।

ਹੇ ਸੀਤੇ !
ਅਸੀਂ ਰਾਜ ਧਰਮ ਦੇ ਰਾਖੇ
ਰੱਬੀ-ਧਰਮ ਦੇ ਰਾਖੇ ਰਿਸ਼ੀ-ਮੁਨੀ ;
ਜ਼ਿੰਦਗ਼ੀ ਦਾ ਆਸ਼ਰਮ ਚਾਹੁੰਦੇ ਹਾਂ ।
ਤੇਰੀ ਮੇਰੀ ਗਾਥਾ
ਇਹ ਰਾਮ-ਰਮਾਇਣ
ਜ਼ਿੰਦਗ਼ੀ ਦਾ ਆਸ਼ਰਮ ਹੋਵੇਗੀ ।

ਨੋਟ : ਰਾਮ ਦੀ ਅੱਠਵੀਂ ਪੀੜ੍ਹੀ ਵਿਚ ਰਾਜਾ ਸਗਰ ਹੋਏ ਹਨ, ਜਿਨ੍ਹਾਂ ਦੇ ਸੱਠ ਹਜ਼ਾਰ ਪੁੱਤਰ ਸਨ । ਜੋ ਸਾਰੇ ਹੀ ਇੱਕ ਲੜਾਈ ਵਿਚ ਮਾਰੇ ਗਏ ਸਨ । ਉਨ੍ਹਾਂ ਦਾ ਇੱਕ ਹੋਰ ਪੁੱਤਰ ਅੰਸ਼ੂਮਾਨ ਸੀ, ਜੋ ਬਹੁਤ ਦੁਸ਼ਟ ਸਾਬਤ ਹੋਇਆ ਸੀ, ਜਿਸ ਨੂੰ ਖ਼ੁਦ ਰਾਜਾ ਸਗਰ ਨੇ ਗੱਦੀ ਤੋਂ ਲਾਹ ਕੇ ਦੇਸ਼ ਨਿਕਾਲਾ ਦੇ ਦਿੱਤਾ ਸੀ । ਅੰਸ਼ੂਮਾਨ ਦਾ ਪੁੱਤਰ ਅਸ਼ੂਮੰਨ ਸੀ, ਜੋ ਬਹੁਤ ਪ੍ਰਤਾਪੀ ਰਾਜਾ ਸੀ, ਉਸ ਦਾ ਪੁੱਤਰ ਦਲੀਪ ਸੀ ਅਤੇ ਦਲੀਪ ਦਾ ਪੁੱਤਰ ਰਾਜਾ ਭਗੀਰਥ ਸੀ, ਜਿਸ ਨੇ ਆਪਣੀ ਤਪੱਸਿਆ ਨਾਲ ਸਵਰਗ ਲੋਕ 'ਚੋਂ ਗੰਗਾ ਧਰਤੀ 'ਤੇ ਉਤਾਰ ਲਈ ਸੀ ਅਤੇ ਗੰਗਾ ਦੇ ਤੇਜ਼ ਵੇਗ ਨੂੰ ਸ਼ਿਵ ਜੀ ਵਲੋਂ ਆਪਣੀਆਂ ਜਟਾਂ ਵਿਚ ਬੋਚ ਲਿਆ ਸੀ ਤਾਂ ਜੋ ਧਰਤੀ 'ਤੇ ਕੋਈ ਭਿਆਨਕ ਭੂਚਾਲ ਜਾਂ ਪਰਲੋ ਨਾ ਆ ਜਾਏ । ਭਗੀਰਥ ਦਾ ਪੁੱਤਰ ਰਾਜਾ "ਅੱਜ" ਸੀ ਅਤੇ ਅੱਗੇ ਉਸਦਾ ਪੁੱਤਰ ਰਾਜਾ ਰਾਮ ਦੇ ਪਿਤਾ ਦਸ਼ਰਥ ਹੋਏ ਹਨ।

ਅਸੀਂ ਰਾਜੇ, ਸੁੱਖਾਂ ਲਈ ਨਹੀਂ,
ਦੁੱਖਾਂ ਦੇ,
ਤਿਆਗ ਦੇ,
ਇਨਸਾਫ ਦੇ, ਮੰਦਰ ਹੁੰਦੇ ਹਾਂ ।
ਰਾਜੇ ਦੇ ਸਿਰ 'ਤੇ ਸਰਤਾਜ
ਤਾਜ ਨਹੀਂ

ਮੌਤ ਦਾ ਨਾਗ ਹੁੰਦਾ ਹੈ ।*
ਤਲਵਾਰ ਮੌਤ ਦੀ ਨਿਸ਼ਾਨੀ ਹੁੰਦੀ ਹੈ ।

* ਨਾਗਾ ਲੋਕ ਸਿਰ 'ਤੇ ਕੁੰਡਲੀ ਵਾਲਾ ਨਾਗ ਪਹਿਨਦੇ ਹਨ ।

ਹੇ ਰਾਮ !
ਮੈਂ ਸੀਤਾ ਹੀ ਹਾਂ,
ਜਿਸ ਦੀ ਕਿਸਮਤ ਵਿਚ
ਮਰਯਾਦਾ ਦੀ ਲਕਸ਼ਮਣ-ਰੇਖਾ
ਤੋੜਨਾ ਲਿਖਿਆ ਹੈ ।
ਹੁਣ ਵੀ ਬਨਵਾਸਣ ਹਾਂ,
ਮਰਯਾਦਾ ਭੰਗ ਕੀਤੀ ਹੈ ।
ਤੇਰੇ ਸੁਪਨੇ 'ਚ ਆਈ ਹਾਂ ।

ਹੇ ਰਾਮ !
ਇਸ ਮਰਯਾਦਾ ਨੇ,
ਇੱਕ ਪੁੱਤ ਨੂੰ
ਦਸਰਥ ਦੀ ਚਿਤਾ ਜਲਾਉਣ ਨਹੀਂ ਦਿੱਤੀ ।
ਇਸ ਪਾਪਣ ਨੇ ਹਰੀਸ਼ ਚੰਦਰ ਨੂੰ
ਆਪਣੇ ਪੁੱਤ ਲਈ ਸ਼ਮਸ਼ਾਨ ਵਿੱਚ ਥਾਂ ਨਹੀਂ ਦਿੱਤੀ ।
ਇੱਕ ਨੇ ਪਤਨੀ ਨੂੰ ਵੇਚ ਦਿੱਤਾ
ਦੂਜੇ ਨੇ ਪਤਨੀ ਨੂੰ ਬਨਵਾਸ ਦੇ ਦਿੱਤਾ ।

ਮਰਯਾਦਾ ਦੀ ਇਹ ਕੈਦ
ਜ਼ਿੰਦਗ਼ੀ ਤੋੜ ਦੇਵੇਗੀ ।
ਅਗਲੇ ਯੁੱਗ ਵਿਚ ਤੇਰਾ ਨਾਂ ਕ੍ਰਿਸ਼ਨ ਹੋਵੇਗਾ ।

ਤੂੰ ਮਰਯਾਦਾ ਦਾ ਸੀਨਾ
ਤੀਰਾਂ ਨਾਲ ਚੀਰ ਦੇਵੇਂਗਾ ।
ਤੇਰਾ ਹੇਤੂ ਯੁਧਿਸ਼ਟਰ ਹੋਵੇਗਾ ;
ਜਿਸ ਦਾ ਹਰ ਸੱਚ ਝੂਠ ਹੋਵੇਗਾ ।

ਜੋ ਆਪਣੀ ਸੀਤਾ ਨੂੰ ਜੂਏ ਵਿਚ ਹਾਰ ਦੇਵੇਗਾ ।
ਤੇਰੀ ਮਰਯਾਦਾ ਦਰੋਪਤੀ ਦਾ ਚੀਰ ਹਰਨ ਕਰੇਗੀ ।
ਇਹ ਮਰਯਾਦਾ ਆਪਣੀ ਮੌਤ ਮਰੇਗੀ ।

ਹੇ ਰਾਮ !
ਉਸ ਤੋਂ ਅਗਲੇ ਯੁੱਗ ਵਿਚ,
ਘੋਰ ਕਲਯੁੱਗ ਵਿਚ ;
ਇਹ ਮਰਯਾਦਾ ਪਹਾੜ ਦੀ ਬਿਜਲੀ ਵਾਂਗ
ਕਦੇ ਕਦੇ ਚਮਕੇਗੀ ।
ਇਸ ਮਰਯਾਦਾ ਦੀ
ਹਰ ਰੋਜ਼ ਚਿਤਾ ਜਲੇਗੀ ।
ਇਹ ਖੁਦਕੁਸ਼ੀ ਕਰਕੇ ਮਰੇਗੀ ।
ਗਲੀਆਂ ਵਿਚ
ਹਲਕੇ ਕੁੱਤੇ ਵਾਂਗ ਫਿਰੇਗੀ ।

ਹੇ ਰਾਮ !
ਤੇਰੀ ਮਰਯਾਦਾ ਨਿਭਾਉਣ ਲਈ
ਹੁਣ ਮੈਂ ਜੰਗਲ ਨੂੰ ਚਲਦੀ ਹਾਂ
ਅਗੇ ਮੈਂ
ਰਾਵਣ ਨਾਲ ਲੜੀ ਸਾਂ ।
ਹੁਣ ਮੈਂ
ਰਾਮ ਨਾਲ ਲੜਾਂਗੀ ।

## ਬੁੱਤ ਦੇ ਪੈਰ

"ਮਹੂ" ਨਾਂ ਦਾ ਕਸਬਾ
ਇੰਦੌਰ ਦੇ ਕਰੀਬ,
ਇੱਕ ਅਜੀਬ ਮੰਦਰ,
ਜਿਸ ਦਾ ਨਾਂ ਵੀ ਅਜੀਬ ।
ਸੁਵਰਗ-ਮੰਦਰ ਨਾਂ ਉਸਦਾ,
ਉਹ ਤਾਂ ਰੱਬ ਦੀ ਦਹਿਲੀਜ਼ ।

ਉਸ ਦੀ ਪੂਜਾ ਦਾ ਪੁਜਾਰੀ,
ਉਸ ਦੀ ਸਮਝ ਵੀ ਨਿਆਰੀ ।
ਆਪਣੇ ਧਰਮ ਦਾ ਉਹ ਬੋਧੀ ।
ਉਸ ਦਾ ਮਨ ਸ਼ੁੱਧ-ਸ਼ੁੱਧ
ਜਿਵੇਂ ਚੰਦਰਮਾ ਦਾ ਮੋਤੀ ।

ਉਹ ਬੰਦਾ ਸੁਹਜ ਮਨ ਦਾ,
ਸਾਰੇ ਧਰਮਾਂ ਨੂੰ ਮੰਨਦਾ ।
ਰਾਮ ਅਤੇ ਕ੍ਰਿਸ਼ਨ ਦੀਆਂ,
ਬੁੱਧ-ਮਹਾਂਵੀਰ ਦੀਆਂ,
ਨਾਨਕ, ਕਬੀਰ ਦੀਆਂ,
ਈਸਾ ਸੁਧੀਰ ਦੀਆਂ,
ਪਿਆਰ ਨਾਲ,
ਸਤਿਕਾਰ ਨਾਲ;
ਮੂਰਤੀਆਂ ਮੰਦਰ ਵਿੱਚ
ਥਾਂ ਸਿਰ ਸਜਾਈਆਂ ਉਸ ।
ਨਿਰਮਲ ਰੂਹਾਂ ਦੀਆਂ,
ਤਸਵੀਰਾਂ ਵੀ ਲਗਾਈਆਂ ਉਸ ।

ਨੂਰ ਉਹ ਰੱਬ ਦਾ,
ਨਿਆਰਾ ਇਨਸਾਨ ਉਹ ।
ਪਿਆਰ ਦੀ ਉਹ ਮੂਰਤੀ,
ਰੱਬ ਦਾ ਈਮਾਨ ਉਹ ।

ਆਪਣੀ ਸ਼ੁੱਧ ਬੁੱਧ ਦੀ
ਜੋਤ ਸੀ ਜਗਾਈ ਹੋਈ ।
ਜੱਗ ਤੋਂ ਨਿਆਰੀ ਹੀ
ਅਲਖ ਜਗਾਈ ਹੋਈ ।

ਬੁੱਧ-ਪੂਰਨਿਮਾ ਦਾ
ਦਿਨ ਨੇੜੇ ਆਇਆ ।
ਮਨ 'ਚ ਖਿਆਲ ਆਇਆ,
ਸ਼ਰਧਾ ਨੇ ਉਬਾਲ ਖਾਇਆ ।

ਉੱਚੀ ਵੱਡੀ ਮੂਰਤੀ
ਰੂਹ ਪਾਕ ਸ਼ੁੱਧ ਦੀ;
ਮੰਦਰ 'ਚ ਲਗਾਈ ਜਾਵੇ
ਬੋਧ-ਗੁਰੂ ਬੁੱਧ ਦੀ ।

ਸੰਤਾਂ-ਮਹਾਤਮਾਵਾਂ ਦੀ
ਸਭਾ ਵੀ ਬੁਲਾਈ ਜਾਵੇ,
ਪੀਰਾਂ-ਫਕੀਰਾਂ ਦੀ
ਰੌਣਕ ਲਗਾਈ ਜਾਵੇ ।

ਨਿਰਮਲ ਖਿਆਲਾਂ ਨਾਲ
ਨਿਰਮਲ ਹੋਈ ਆਤਮਾ ਸੀ ।
ਅੰਗ-ਸੰਗ ਖਿੜ ਗਿਆ
ਪ੍ਰਭੂ ਪ੍ਰਮਾਤਮਾ ਵੀ ।

ਲੰਮਾ ਚੌੜਾ ਪੱਥਰ ਸੰਗ,
ਸਾਫ ਚਿੱਟਾ ਦੁੱਧ ਰੰਗ,
ਮਕਰਾਣੇ ਦੀ ਖਾਣ ਵਿੱਚੋਂ
ਪਤਾ ਨਹੀਂ ਮੰਗਾਇਆ ਕਿੱਦਾਂ;
ਪਤਾ ਨਹੀਂ ਆਇਆ ਕਿੱਦਾਂ ?

ਜੈਪੁਰ ਸ਼ਹਿਰ 'ਚੋਂ
ਪੱਥਰ ਤਰਾਸ਼ ਆਏ ।
ਕਲਾ ਦੇ ਤਰਾਸ਼ੇ ਹੋਏ,
ਕਾਰੀਗਰ ਖਾਸ ਆਏ ।

ਮੰਦਰ ਦੇ ਪੁਜਾਰੀ ਨਾਲ
ਗੱਲਬਾਤ ਕਰਨ ਲੱਗੇ ।
ਮਿਹਨਤ ਮਜ਼ਦੂਰੀ ਦਾ
ਹਿਸਾਬ ਕਿਤਾਬ ਕਰਨ ਲੱਗੇ ।

ਬੁੱਧ-ਪੂਰਨਿਮਾ ਤੱਕ
ਮੂਰਤੀ ਤਿਆਰ ਹੋਵੇ ।
ਦੋ ਮਹੀਨੇ ਤਕ ਇਹ
ਜ਼ਰੂਰ ਹੀ ਤਿਆਰ ਹੋਵੇ ।

ਸੰਗ-ਤਰਾਸ਼ ਬੁੱਢਾ,
ਉਠ ਪਿਆ ਖੜ੍ਹਾ ਹੋਇਆ ।
ਸੰਤ-ਮਹੰਤ ਜੀ,
ਪੱਥਰ ਤੋੜਨਾ ਨਹੀਂ
ਪੱਥਰ ਤਰਾਸ਼ਨਾ ਹੈ ।
ਪਲ ਪਲ ਜਾਚਣਾ ਹੈ ।
ਖੇਡ ਨਹੀਂ ਪੱਥਰ 'ਚੋਂ
ਨਕਸ਼ ਉਭਾਰਨੇ ।

ਮੂਰਤੀ ਬਨਾਉਣੀ ਹੈ
ਗਜ ਨਹੀਂ ਨਾਪਣੇ ।
ਸੌਖਾ ਨਹੀਂ ਹੁੰਦਾ
ਪੱਥਰ ਨੂੰ ਸਾਧਨਾ ।
ਤੇ ਦਿਨ ਰਾਤ ਝਾਖਣੇ ।
ਘੱਟੋ-ਘੱਟ ਦੋ ਸਾਲ
ਜ਼ਰੂਰ ਲੱਗ ਜਾਣਗੇ ।
ਮੂਰਤੀ ਨੂੰ ਖੋਲ੍ਹਣ ਵਿੱਚ;
ਅੰਗਾਂ ਨੂੰ ਫਰੋਲਣ ਵਿੱਚ ।

ਮੇਰੇ ਨਾਲੋਂ ਹੋਰ ਚੰਗੇ
ਕਾਰੀਗਰ ਸਿਆਣੇ ਹਨ ।
ਕਾਰੀਗਰ ਕਲਾ ਦੇ
ਬਹੁਤ ਟਿਕਾਣੇ ਹਨ ।
ਚੰਗੀ ਤਰ੍ਹਾਂ ਕਰ ਲਓ
ਕਰ ਲਓ ਵਿਚਾਰ ਤੁਸੀਂ ।

ਸਮਝ ਸਮਝਾ ਕੇ;
ਹਿਸਾਬ ਕਿਤਾਬ ਲਾ ਕੇ;
ਬੁੱਧ-ਪੂਰਨਿਮਾ ਨੂੰ
ਮਹੂਰਤ ਦਾ ਦਿਨ ਆਇਆ ।

ਸ਼ੁਭ ਦਿਨ ਜਾਣ ਕੇ
ਪੱਥਰ ਨੂੰ ਟੱਕ ਲਾਇਆ ।
ਤਿੱਥ, ਨਛੱਤਰ, ਯੋਗ,
"ਕਰਨ" ਨਿਖਾਰ ਕੇ;
ਸਰਵ-ਸਿੱਧੀ ਯੋਗ ਦੇਖ
ਰਵੀ-ਯੋਗ ਵਿਚਾਰ ਕੇ ।

ਪੱਥਰ ਨੂੰ ਦੇਖਿਆ;
ਪੱਥਰ ਨੂੰ ਨਾਪਿਆ;
ਨਕਸ਼ਾ ਤਿਆਰ ਹੋਇਆ ।
ਮੂਰਤੀ ਨੂੰ ਛਾਪਿਆ ।

ਸਾਲ ਭਰ ਦੀ ਟੱਕ-ਟੱਕ,
ਮਿਹਨਤ ਮੁਸ਼ੱਕਤ ਬਾਅਦ;
ਮੂਰਤੀ ਦਾ ਸਿਰ-ਮੁੱਖ
ਔਖਾ ਹੀ ਤਿਆਰ ਹੋਇਆ ।

ਮੰਦਰ ਦੇ ਮੁਖੀ ਤੇ,
ਬੁੱਢੇ ਬੁੱਤ ਤਰਾਸ਼ ਵਿੱਚ
ਝਗੜਾ ਤਕਰਾਰ ਹੋਇਆ ।

ਹਊਮੈਂ ਤੇ ਕਲਾ ਦੀ,
ਈਮਾਨ ਵਿਵਹਾਰ ਦੀ,
ਪੁੱਛ-ਪੜਤਾਲ ਹੋਈ;
ਆਖਿਰ ਵਿਚਾਰ ਹੋਇਆ;
ਕਲਾ ਦਾ ਸਤਿਕਾਰ ਹੋਇਆ ।
ਇਕ ਦੋ ਤਿੰਨ ਸਾਲ;

ਪੰਜ ਸਾਲ ਬੀਤ ਗਏ ।
ਮੂਰਤੀ ਨਾ ਸਿਰੇ ਲੱਗੇ
ਮੰਦਰ ਦੇ ਮੁੱਖੀ ਦੇ
ਸਾਰੇ ਸਵਰ ਚੀਖ ਪਏ ।
ਅਖ਼ਬਾਰਾਂ ਵਿੱਚ ਹੋਈ ਚਰਚਾ,
ਕੋਈ ਇਸ ਨੂੰ ਗਲਤ ਕਹੇ;
ਕੋਈ ਇਸਨੂੰ ਠੀਕ ਕਹੇ ।

ਬੁੱਢੇ ਬੁੱਤ-ਤਰਾਸ਼ ਦੀ
ਕਲਾ ਨੂੰ ਦੇਖ ਕੇ
ਮੰਦਰ ਦਾ ਮੁਖੀ
ਕੁਝ ਹੋਰ ਉਡੀਕ ਲਏ ।

ਚੀਖਦੇ ਚਿਹਾੜਦੇ
ਦੋ ਸਾਲ ਹੋਰ ਬੀਤੇ
ਮੰਦਰ ਦੇ ਮਹੰਤ ਨੇ
ਗੁੱਸੇ ਦੀ ਜ਼ਹਿਰ ਦੇ
ਕਈ ਹੋਰ ਘੁੱਟ ਪੀਤੇ ।

ਮੂਰਤੀ ਵੀ ਤਿਆਰ ਹੁੰਦੀ,
ਪੈਰਾਂ ਤੱਕ ਪਹੁੰਚ ਗਈ ।
ਬੁੱਢੇ ਬੁੱਤ-ਤਰਾਸ਼ ਨੇ
ਕਲਾ ਦੇ ਕਮਾਲ ਕੀਤੇ ।
ਮੂਰਤੀ ਨੂੰ ਦੇਖ ਦੇਖ
ਲੋਕ ਦੰਗ ਹੋਈ ਜਾਵਣ ।
ਬੁੱਢੇ ਨੇ ਮੂਰਤੀ ਦੇ
ਅੰਗ ਜੋ ਉਲੀਕੇ ।

ਮੰਦਰ ਦੇ ਮਹੰਤ ਦੇ
ਚੁੱਪ ਹੋਏ ਸ਼ਾਂਤ ਹੋਏ
ਗੁੱਸੇ ਦੇ ਸਲੀਕੇ ।

ਮੂਰਤੀ ਦੇ ਪੈਰ ਰਹਿ ਗਏ
ਬੁੱਤ ਤਰਾਸ਼ ਸੋਚੀ ਜਾਵੇ ।
ਪਤਾ ਨਹੀਂ ਕੀ ਕੁਝ
ਸੋਚੀ ਜਾਵੇ ਲੋਚੀ ਜਾਵੇ ?
ਹੌਲੀ-ਹੌਲੀ ਕੰਮ ਕਰੇ
ਬੀੜੀਆਂ ਹੀ ਫੂਕੀ ਜਾਵੇ ।

ਪੁਜਾਰੀ ਨੂੰ ਸ਼ੱਕ ਹੋਇਆ
ਬੁੱਢੇ ਦੀ ਨੀਤ 'ਤੇ ।
ਗੁੱਸੇ ਵਿੱਚ ਚੀਖ ਕੇ ।
"ਤੂੰ ਬੁੱਢਾ ਬੇਈਮਾਨ,
ਫੱਸ ਗਿਆ ਏਂ, ਤੂੰ ਦੱਸ,
ਹੁਣ ਕਿਹੜੀ ਚੀਜ਼ 'ਤੇ ?

ਹੇ ਮਹੰਤ ਬੋਲ ਨਾਹੀ,
ਕੁਫਰ ਐਵੇਂ ਤੋਲ ਨਾਹੀ ।
ਮਾਰ ਨਾ ਫੂੰਕਾਰੇ ਐਵੇਂ
ਜ਼ਹਿਰੀਲੇ ਸੱਪ ਵਾਂਗ ।
ਮਿਹਨਤ ਨਾ ਦਈਂ ਮੈਨੂੰ
ਕੰਮ ਮੈਨੂੰ ਕਰਨ ਦੇ ।
ਬੋਲ ਨਾ ਕਬੋਲ ਮੈਨੂੰ
ਐਵੇਂ ਭੈੜੇ ਜੱਟ ਵਾਂਗ ।
ਤੈਨੂੰ ਨਹੀਂ ਪਤਾ

ਕੀ ਹੁੰਦੇ ਪੈਰ ਪ੍ਰਭੂ ਦੇ
ਜਿਨ੍ਹਾਂ ਪੈਰਾਂ ਉਤੇ
ਲੱਖਾਂ ਲੋਕਾਂ ਨੇ ਸਿਰ ਨੇ ਝੁਕਾਉਣੇ
ਐਵੇਂ ਨਹੀਂ ਬਣਦੇ
ਐਸੇ ਪੈਰ ਮੇਰੇ ਪ੍ਰਭੂ ਦੇ ।

ਕਲਾ ਮੇਰਾ ਗਿਆਨ ਹੈ
ਕਲਾ ਮੇਰੀ ਪੂਜਾ ਹੈ
ਪਿਆਰ ਨਾਲ ਬਣਾਉਣ ਦੇ
ਪੈਰ ਮੈਨੂੰ ਪ੍ਰਭੂ ਦੇ ।

**

## ਮਰਨਾ ਨਹੀਂ, ਲੜਨਾ ਚਾਹੀਦਾ ਐ

ਇਹ ਸੌ-ਫੀਸਦੀ ਠੀਕ ਹੈ,
ਇਕ ਲੀਡਰ ਨੂੰ ਮਰਨਾ ਨਹੀਂ
ਲੜਨਾ ਚਾਹੀਦਾ ਐ ।

ਬੰਦੂਕਾਂ ਨਾਲ ਨਹੀਂ,
ਬੰਬਾਂ ਨਾਲ ਨਹੀਂ,
ਨਾਹਰਿਆਂ ਦਾ ਪਰਚਮ ਫੜਕੇ
ਹਰ ਜਾਬਰ ਦੀ ਹਿੱਕ 'ਤੇ ਚੜ੍ਹਨਾ ਚਾਹੀਦਾ ਐ ।

ਦੁਸ਼ਮਣ ਕੋਲ ਤਾਂ
ਐਟਮੀ-ਮਿਜ਼ਾਇਲਾਂ ਨੇ,
ਮਾਰੂ ਸੰਦ ਨੇ ।
ਹਵਾਈ ਜਹਾਜ਼ ਨੇ
ਅਸਤਰਾਂ ਦੇ
ਭਿਆਨਕ ਜੰਗ ਨੇ ।
ਹੱਕ ਦੀ ਪਥਰੀਲੀ ਹਿੱਕ ਦੇ ਜ਼ੋਰ
ਧਰਤੀ ਨੂੰ ਧੱਕਣਾ ਚਾਹੀਦਾ ਐ ।

ਨਾਹਰਿਆਂ ਦੀ ਗੂੰਜ ਵਿਚ,
ਦੁਸ਼ਮਣਾਂ ਦੀ ਢੂੰਡ ਵਿਚ,
ਇਕ ਐਸੇ ਅੰਦਾਜ਼ ਵਿਚ,
ਇਕ ਐਸੀ ਆਵਾਜ਼ ਵਿਚ,
ਸੱਚ ਦੀ ਜੁਆਲਾ ਨੂੰ ਫੜ ਕੇ
ਲਾਲ ਕਿਲ੍ਹੇ 'ਤੇ ਚੜ੍ਹਨਾ ਚਾਹੀਦਾ ਐ ।

ਬੁਜ਼ਦਿਲੀ ਕਿਉਂ ਕਰਦਾ ਏਂ
ਖ਼ੁਦਕੁਸ਼ੀ ਕਿਉਂ ਕਰਦਾ ਏਂ ?
ਮਰ ਕੇ ਬੰਦਾ ਜਿੱਤਦਾ ਨਹੀਂ,
ਹਾਰਦਾ ਏ ।

ਜ਼ਿੰਦਗ਼ੀ ਦੇ ਹਰ ਦੁਸ਼ਮਣ ਨਾਲ,
ਜ਼ਿੰਦਗ਼ੀ ਦੇ ਹਰ ਹਾਲਾਤ ਨਾਲ, ਜੰਗ ਲੜਨਾ ਚਾਹੀਦਾ ਐ ।

ਬੰਦਾ ਜਿਊਂਦਾ ਏ,
ਜੇ ਹਿੱਕ ਵਿਚ ਹੌਸਲਾ ਏ ।
ਧਰਤੀ ਦੀ ਹਿੱਕ ਤੋੜਦਾ ਏਂ,
ਆਕਾਸ਼ ਦਾ ਸੀਨਾ ਪਾੜਦਾ ਏਂ,
ਜ਼ਿੰਦਗ਼ੀ ਦੀ ਜਿੱਤ ਲਈ,
ਦੇਸ਼ ਦੇ ਲੀਡਰ ਨੂੰ, ਮਰਨਾ ਨਹੀਂ, ਲੜਨਾ ਚਾਹੀਦਾ ਐ ।

ਜੇ ਮਰਨਾ ਪਏ,
ਪੁੱਤਾਂ ਨੂੰ ਮਰਵਾਏ,
ਸਿੱਖਾਂ ਨੂੰ ਲੜਾਏ ।
ਉਨ੍ਹਾਂ ਨੂੰ ਮਰਦਿਆਂ ਦੇਖੇ,
ਲੜਦਿਆਂ ਦੇਖੇ ।
ਰਾਤ ਦੇ ਹਨ੍ਹੇਰਿਆਂ ਨਾਲ
ਲੜਨਾ ਚਾਹੀਦਾ ਹੈ,
ਸੂਰਜ ਚੜ੍ਹਨ ਤਕ ਲੜਨਾ ਚਾਹੀਦਾ ਹੈ ।

**

## ਮੈਨੂੰ ਮੇਰਾ ਆਕਾਸ਼ ਦੇ ਦੋ

ਮੈਂ ਕਰਾਂ ਨਾ ਇੱਦਾਂ ਖੁਦਕੁਸ਼ੀ
ਕੋਈ ਇਸ ਤਰ੍ਹਾਂ ਦਾ ਮੈਨੂੰ ਅਹਿਸਾਸ ਦੇ ਦੋ ।

ਮੈਨੂੰ ਜ਼ਿੰਦਗ਼ੀ ਲੱਗੇ
ਗੁੜ ਵਾਂਗ ਮਿੱਠੀ
ਕੁਝ ਇਸ ਤਰ੍ਹਾਂ ਦੇ ਸੌਖੇ ਹਾਲਾਤ ਦੇ ਦੋ ।

ਮੇਰਾ ਜਿਊਣ ਦਾ ਚਾਅ
ਕਿਉਂ ਮਰ ਗਿਆ ਏ
ਮੈਨੂੰ ਜਿਊਣ ਲਈ ਮੇਰੀ ਪਿਆਸ ਦੇ ਦੋ ।

ਮੰਜ਼ਿਲ ਜ਼ਿੰਦਗ਼ੀ ਦੀ ਮੈਨੂੰ,
ਜੇ ਦਿਓ ਤੁਸੀਂ,
ਮੈਂ ਕਿਉਂ ਮਰਾਂਗਾ, ਕੋਈ ਧਰਵਾਸ ਦੇ ਦੋ ।

ਇਸ ਸਮਾਜ ਵਿੱਚ ਹੀ
ਮੈਂ ਹੈ ਜਨਮ ਲਿੱਤਾ
ਪਰ ਮੈਨੂੰ ਜਿਊਣ ਲਈ ਛੱਤ-ਨਿਵਾਸ ਦੇ ਦੋ ।

ਮੈਂ ਵੀ ਪੰਛੀ ਹਾਂ
ਕੁਦਰਤ ਦੇ ਬਗੀਚੜੇ ਦਾ,
ਮੈਨੂੰ ਉੱਡਣ ਲਈ ਮੇਰਾ ਆਕਾਸ਼ ਦੇ ਦੋ ।

ਮੇਰਾ ਖੋਹ ਕੇ ਸਭ ਕੁਝ,
ਮੈਨੂੰ ਜਿਊਣ ਲਈ ਕਹਿੰਦੇ ਹੋ,
ਮੇਰੇ ਪਸੀਨੇ ਦਾ ਮੈਨੂੰ ਹਿਸਾਬ ਦੇ ਦੋ ।

# ਜੇ ਖ਼ੁਦਾ ਹੀ ਆਪ ਕਹੇ

ਐ ਮਨਸੂਰ,
ਇਹ ਤੂੰ ਕੀ ਕਿਹਾ ਏ ?
ਜੋ ਕਿਹਾ ਏ
ਕੁਫਰ ਕਿਹਾ ਏ ।

ਐ ਮੇਰੇ ਮੁਰਸ਼ਦ,
ਆਲਮ ਫ਼ਾਜ਼ਿਲ "ਜਣੈਦ";
ਤੁਸਾਂ ਜੋ ਸੁਣਿਆ ਏ,
ਸੱਚ ਸੁਣਿਆ ਏ ।
ਮੈਂ "ਅਨਲ-ਹੱਕ" ਕਿਹਾ ਏ,
ਝੂਠ ਨਹੀਂ ਕਿਹਾ,
ਸਿਆਹ ਨਹੀਂ ਕਿਹਾ,
ਮੈਂ ਕਿਹਾ ਚਿੱਟਾ-ਸ਼ਫ਼ਾਫ ।

ਹੁਣ ਤਾਂ ਮੇਰਾ ਅੰਦਰ ਵੀ ਸ਼ਫ਼ਾਫ;
ਹੁਣ ਤਾਂ ਮੇਰਾ ਬਾਹਰ ਵੀ ਸ਼ਫ਼ਾਫ;
ਹੁਣ ਤਾਂ ਮੈਂ ਵੀ
ਮੇਰਾ ਮੁਰਸ਼ਦ ਸ਼ਫ਼ਾਫ ।

ਐ ਮਨਸੂਰ,
ਉਸਦੇ ਕੀ ਅਰਥ ਨੇ,
ਜੋ ਤੂੰ ਕਿਹਾ ਏ;
ਸ਼ਾਇਦ ਤੈਨੂੰ ਪਤਾ ਨਹੀਂ ।

"ਮੈਂ ਖ਼ੁਦਾ ਹਾਂ"
ਇਸਲਾਮ ਵਿਚ ਤਾਂ, ਇਹ ਕੁਫਰ ਏ ।
ਕੋਈ ਰੱਬ ਨਹੀਂ ਬਣਿਆ;
ਹਜ਼ਰਤ ਮੁਹੰਮਦ ਵੀ ਰੱਬ ਨਹੀਂ ਸੀ;
ਹਜ਼ਰਤ ਅਲੀ ਵੀ ਰੱਬ ਨਹੀਂ ਸੀ ।

ਇਸ ਤਰ੍ਹਾਂ ਕਹਿਣਾ,
ਪਾਪ ਹੈ,
ਜ਼ੁਰਮ ਹੈ,
ਇਸ ਦੀ ਸਜਾਇ-ਮੌਤ ਹੈ ।

ਹਾਂ ਮੁਰਸ਼ਦ,
ਹਾਂ ਮੇਰੇ ਗੁਰੂ;
ਮੈਨੂੰ ਪਤਾ ਏ, ਮੌਤ ਇਸ ਦੀ ਸਜ਼ਾ ਏ ।
ਜੋ ਮੈਂ ਕਿਹਾ ਏ
ਪਤਾ ਨਹੀਂ ਕਿਸ ਨੇ ਕਿਹਾ ਏ ।

ਐ ਮਨਸੂਰ,
ਜੋ ਤੂੰ ਕਿਹਾ ਏ
ਭਾਵੇਂ ਸੱਚ ਕਿਹਾ ਏ ;
ਭਾਵੇਂ ਝੂਠ ਕਿਹਾ ਏ;
"ਇਹ ਵੀ ਨਾ ਕਹੀਂ" ।
ਇਸ ਹੁਜ਼ਰਾ ਦੀ ਹੱਦ ਤੋਂ
ਬਾਹਰ ਨਾ ਕਹੀਂ ।

ਲੋਕ ਬੜੇ ਜ਼ਾਲਿਮ ਨੇ,
ਖ਼ੁਦਾ ਤੋਂ ਬੜੇ ਦੂਰ ਨੇ,
ਕੁਫਰ ਦੇ ਆਲਮ ਨੇ,
ਮੇਰਾ ਵਾਸਤਾ ਈ,
ਫਿਰ "ਅਨਲ-ਹੱਕ" ਨਾ ਕਹੀਂ ।
ਆਪਣੇ ਆਪ ਨੂੰ ਖ਼ੁਦਾ ਨਾ ਕਹੀਂ ।

ਐ ਮੇਰੇ ਮੁਰਸ਼ਦ,
ਮੈਂ ਤਾਂ ਅਨਲ-ਹੱਕ ਹੋ ਗਿਆ ਹਾਂ ।
ਮੈਂ ਤਾਂ ਬੰਦੇ ਤੋਂ ਖ਼ੁਦਾ ਹੋ ਗਿਆ ਹਾਂ ।
ਤੁਸੀਂ ਤਾਂ ਖ਼ੁਦਾ ਦੇ ਬੰਦੇ ਹੋ,
ਸਭ ਕੁਝ ਜਾਣਦੇ ਹੋ ।

ਖ਼ੁਦਾ ਵਿਚ ਖ਼ੁਦਾ ਦਾ ਹੋ ਜਾਣਾ,
ਨੂਰ ਵਿਚ ਨੂਰ ਹੋ ਜਾਣਾ;
ਜ਼ਿੰਦਗੀ ਦਾ ਮਕਸਦ ਅਸਲ ਹੈ ।
ਇਹੋ ਰੂਹ ਦਾ ਵਸਲ ਹੈ ।

ਪਰ ਜੇ ਤੁਸੀਂ ਕਹਿੰਦੇ ਹੋ;
ਜੇ ਤੁਸੀਂ ਹੁਕਮ ਦਿੰਦੇ ਹੋ;
ਮੈਂ ਨਹੀਂ ਕਹਾਂਗਾ,
"ਅਨਲ-ਹੱਕ" ਨਹੀਂ ਕਹਾਂਗਾ ।
ਮੇਰੇ ਗੁਰੂ,
ਨਹੀਂ ਕਹਾਂਗਾ ।

ਨਹੀਂ ਮਨਸੂਰ,
ਮੈਨੂੰ ਡਰ ਹੈ;
ਮੈਨੂੰ ਸ਼ੱਕ ਹੈ;
ਤੂੰ ਬੇ-ਬਾਕ ਹੈਂ;
ਮੈਨੂੰ ਤੇਰਾ ਨਹੀਂ ਵਿਸਾਹ;
ਤੂੰ ਖ਼ੁਦਾ ਦੀ ਕਸਮ ਖਾਹ;
ਤੈਨੂੰ ਮੇਰਾ ਹੈ ਵਾਸਤਾ
ਤੂੰ ਅਨਲ-ਹੱਕ ਨਹੀਂ ਕਹੇਂਗਾ ।

ਹੇ ਮੇਰੇ ਗੁਰੂ
ਐ ਮੇਰੇ ਮੁਰਸ਼ਦ
ਮੈਂ ਖੁਦਾ ਦੀ ਕਸਮ ਖਾਂਦਾ ਹਾਂ;
ਮੈਂ ਫੇਰ ਦਹੁਰਾਉਦਾ ਹਾਂ;
ਮੈਂ ਅਨਲ-ਹੱਕ ਨਹੀਂ ਕਹਾਂਗਾ ।
ਮੈਂ ਚੁੱਪ ਰਹਾਂਗਾ, ਮੈਂ ਚੁੱਪ ਰਹਾਂਗਾ ।

ਐ ਮੇਰੇ ਮਨਸੂਰ,
ਐ ਮੇਰੇ ਸ਼ਾਗਿਰਦ
ਇਸ ਬਗਦਾਦ ਦੇ ਖਲੀਫੇ ਨੇ;
ਸ਼ਹਿਨਸ਼ਾਹੇ ਸਲਤਨਤ ਨੇ;
ਮੈਨੂੰ ਬੁਲਾਇਆ ਹੈ;
ਸਭ ਰੱਬ ਦੇ ਬੰਦਿਆਂ ਨੂੰ, ਸਭ ਫਕੀਰਾਂ ਫੱਕਰਾਂ ਨੂੰ,
ਦਾਅਵਤ ਤੇ ਬੁਲਾਇਆ ਹੈ ।
ਆਪਣੇ ਦਰੇ-ਖਾਲਿਦ ਬੁਲਾਇਆ ਹੈ ।

ਤੂੰ ਮੇਰਾ ਪਿਆਰਾ ਮੁਰੀਦ ਏਂ,
ਤੂੰ ਵੀ ਅੱਲਾ ਦੀ ਚੀਜ਼ ਏਂ ।
ਤੂੰ ਵੀ ਮੇਰੇ ਨਾਲ ਚੱਲ;
ਫੱਕਰਾਂ ਫਕੀਰਾਂ ਦੀ,
ਖ਼ੁਦਾ ਦੇ ਬੰਦਿਆਂ ਦੀ
ਮਹਿਫਲ 'ਚ ਚੱਲ ।

ਫੱਕਰਾਂ ਦਾ ਮੇਲਾ ਜਿਹਾ ਸੀ,
ਦੁਪਹਿਰ ਦਾ ਵੇਲਾ ਜਿਹਾ ਸੀ,
ਰੱਬ ਦੇ ਨਾਮ-ਲੇਵਾ ਬਹੁਤ ਸਨ ।
ਕੁਝ ਖ਼ੁਦਾ ਦੇ ਨੂਰ ਸਨ;
ਬੰਦਗੀ ਮਗਰੂਰ ਸਨ;

ਹੱਥਾਂ 'ਚ ਫੜੀਆਂ ਤੱਸਵੀਆਂ ।
ਦਾਹੜੀਆਂ ਸਨ ਖਤਵੀਆਂ,
ਕੁਝ ਲਾਲ ਮਹਿੰਦੀ ਰੰਗੀਆਂ,
ਕੁਝ ਨਿੱਕੜੀਆਂ, ਕੁਝ ਲੰਮੀਆਂ ।

ਦਾਅਵਤ ਦਾ ਚੱਕਰ ਬਹਿ ਗਿਆ;
ਵਿਚਕਾਰ ਖਲੀਫ-ਏ ਬਗਦਾਦ
ਆਸਣ ਲਗਾ ਕੇ ਬਹਿ ਗਿਆ ।
ਕੁਰਾਨ ਦੀਆਂ ਆਇਤਾਂ,
ਸ਼ਰ੍ਹਾ ਦੀਆਂ ਰਵਾਇਤਾਂ,
ਸੁਣੀਆਂ ਸਣਾਈਆਂ ਗਈਆਂ ।

ਅਨੁਲਜਾਤ ਬੈਠੀ ਤੱਕ ਕੇ;
ਸ਼ਿਰਾ ਬਹਿਦੱਤ ਸ਼ਬਹਾਨੀ ਹੋਈ ਤੱਕ ਕੇ;
ਮਨਸੂਰ ਦੀ ਰੂਹ ਜਾਗ ਪਈ ।
ਅਲਮੱਤ ਬਿਰੱਬਕਮ ਦਾ
ਆਵਾਜ਼ਾ ਹੋਇਆ ।
ਕਰਮਿ-ਖੁਦਾਈ ਦੀ ਰੌਅ ਵਿਚ
ਕਹਿ ਹੀ ਦਿੱਤਾ ਮਨਸੂਰ ਨੇ ।
"ਅਨਲ-ਹੱਕ" "ਅਨਲ-ਹੱਕ", ਉਸ ਰੂਹ ਨੇ ।

ਕੁਫਰ-ਕੁਫਰ......ਕਹਿ ਕੇ,
ਮਜਲਸ ਉੱਠ ਪਈ ।
ਲਾਲ-ਪੀਲਾ ਹੋ ਖਲੀਫਾ ਉਠਿਆ ।
ਇਹ ਕੀ ਹੋਇਆ;
ਇਹ ਕੌਣ ਹੈ ;
ਕਿਸ ਕਾਫਰ ਨੇ ਕੁਫਰ ਤੋਲਿਆ ।

ਚਾਰੋਂ-ਤਰਫ ਦੂਰ ਦੂਰ,
ਹੋ ਗਈ ਮਨਸੂਰ ਮਨਸੂਰ;
"ਜਣੈਦ" ਮੁਰਸ਼ਦ ਘਬਰਾਇਆ;
ਸ਼ਰਮ ਨਾਲ ਸ਼ਰਮਾਇਆ;
ਮਨਸੂਰ ਤੂੰ ਤਾਂ ਇਹ ਪਾਪ ਕੀਤਾ ਏ ।
ਫਿਰ ਕੀਤਾ ਗੁਨਾਹ ਕੀਤਾ ਏ,
ਤੂੰ ਮੇਰਾ ਸਿਰ ਨਿਵਾਇਆ ਏ ।

ਇਸਲਾਮ ਦੇ ਪੱਥਰ ਦਿਲਾਂ ਨੇ,
ਇਲਮ ਦੇ ਸੱਥਰ ਦਿਲਾਂ ਨੇ,
ਮਨਸੂਰ ਨੂੰ ਬੰਦੀ ਬਣਾਇਆ ।
ਸਾਰੇ ਸ਼ਹਿਰ 'ਚ
ਇਸਲਾਮੀ ਜਗਤ ਵਿਚ
ਕਹਿਰ ਪਸਰਿਆ ।
ਹਾ-ਹਾ-ਕਾਰ ਦੀ ਹਨ੍ਹੇਰੀ ਚੱਲੀ
ਕਹੇ ਲੁਕਾਈ,
ਜੋ ਮੂੰਹ ਆਈ;
ਹੁਣ ਮਨਸੂਰ ਦੀ ਆਫਤ ਆਈ ।

ਪਰ ਮਨਸੂਰ ਜੇਲ੍ਹ 'ਚ ਬੈਠਾ;
ਰੱਬ ਨਾਲ ਗੱਲਾਂ ਕਰਦਾ ਰਹਿੰਦਾ ।
ਪਰ ਹੁਜਰਾ ਵਿਚ ਮੁਰਸ਼ਦ ਬੈਠਾ
ਸੋਚਦਾ ਰਹਿੰਦਾ; ਰੋਂਦਾ ਰਹਿੰਦਾ ।

ਸੋਲ੍ਹਾਂ ਦਿਨ ਮੁਕੱਦਮਾ ਚੱਲਿਆ ।
ਕੁਰਾਨ, ਸ਼ਰੀਫ, ਸ਼ਰ੍ਹਾ ਦੀਆਂ ਆਇਤਾਂ,
ਖੋਲ੍ਹ ਕਾਜੀ ਕਰਨ ਬਖੀਲਾਂ ।
ਮੁੱਲਾਂ ਕਾਜ਼ੀਆਂ ਫਾਜ਼ਿਲਾਂ ਰਲ ਕੇ,
ਮੱਤ ਪਕਾਈ,
ਸ਼ਰ੍ਹਾ ਸੁਣਾਈ, ਫੱਤਵਾ ਦਿੱਤਾ ।

ਸੂਲੀ ਚਾੜ੍ਹ ਦਿਓ ਮਨਸੂਰ ਨੂੰ;
ਇਸ ਸ਼ੈਤਾਨ ਨੂੰ ਪੱਥਰ ਮਾਰੋ;
ਇਸ ਕਾਫਿਰ ਨੂੰ ਦਿਓ ਸਜ਼ਾਈ,
ਯਾਦ ਕਰੇ ਸਾਰੀ ਲੁਕਾਈ ।

ਮਨਸੂਰ ਦਾ ਮੁਰਸ਼ਦ,
ਬਹੁਤ ਕਲਪਿਆ,
ਬਹੁਤ ਰੋਇਆ ।
ਇਹ ਕੀ ਕਹਿਰ ਖ਼ੁਦਾ ਦਾ ਹੋਇਆ ।
ਆਪਣੇ ਹੀ ਬੰਦੇ 'ਤੇ ਉਸਨੇ
ਇਹ ਕਿਉਂ ਜ਼ੁਲਮ ਇੰਤਾਹ ਹੈ ਕੀਤਾ ।

ਮਨਸੂਰ,
ਤੂੰ ਨਾ ਬਦਲਿਆ ।
ਸ਼ਾਇਦ ਅੱਗੋਂ ਇਸਲਾਮ ਬਦਲ ਜਾਏ ।
ਰੱਬ ਦੇ ਬੰਦਿਆਂ ਦਾ
ਰਾਹ ਬਦਲ ਜਾਏ ।

ਕੱਲ੍ਹ ਮਨਸੂਰ ਨੇ ਸੂਲੀ ਚੜ੍ਹਨਾ;
ਹੁਕਮੇ ਰੱਬ ਅਦੂਲੀ ਕਰਨਾ ।
ਮਨਸੂਰ ਦਾ ਮੁਰਸ਼ਦ ਉਠ ਬਹਿੰਦਾ ਹੈ ।
ਆਪਣੇ ਮਨ ਨੂੰ ਕੁਝ ਕਹਿੰਦਾ ਹੈ ।
ਆਪਣੇ ਹੁਜਰਾ 'ਚੋਂ
ਬਾਹਰ ਨਿਕਲ ਕੇ, ਮਕਤਲ ਵਲ ਨੂੰ ਤੁਰ ਪੈਂਦਾ ਹੈ ।
ਉਹ ਮਨਸੂਰ ਨੂੰ ਜਾ ਮਿਲਦਾ ਹੈ ।

ਐ ਮਨਸੂਰ,
ਖ਼ੁਦਾ ਦੇ ਨੂਰ;

ਤੂੰ ਮੇਰਾ ਪਿਆਰਾ ਮੁਰੀਦ;
ਤੂੰ ਕੱਲ੍ਹ ਨੂੰ ਹੋ ਜਾਣਾ ਸ਼ਹੀਦ ।

ਮੈਨੂੰ ਚੈਨ ਨਹੀਂ ਆਉਂਦਾ;
ਮੈਨੂੰ ਨੀਂਦ ਨਹੀਂ ਆਉਂਦੀ;
ਮੈਨੂੰ ਇਕ ਸੁਆਲ ਦਾ
ਜਵਾਬ ਨਹੀਂ ਆਉਂਦਾ ।
ਮੈਨੂੰ ਇਸ ਸੁਆਲ ਦਾ
ਜਵਾਬ ਤਾਂ ਦੱਸ ਜਾ ।

ਮੇਰੀ ਰੂਹ ਕਿਥੋਂ ਪੀਵੇ ਪਾਣੀ,
ਚਸ਼ਮਾ-ਏ-ਆਬ ਤਾਂ ਦੱਸ ਜਾ ।

ਐ ਮੇਰੇ ਮੁਰਸ਼ਦ,
ਤੁਸੀਂ ਪੁੱਛੋ ਤਾਂ ਸਹੀ;
ਬੇ-ਬਾਕ ਹੋ ਕੇ ਪੁੱਛੋ, ਰੁਕੋ ਨਾ ਕਹੋ ;

ਹੇ ਮਨਸੂਰ
ਤੂੰ ਤਾਂ ਖ਼ੁਦਾ ਦੀ ਕਸਮ ਖਾਈ ਸੀ ।
ਤੂੰ ਤਾਂ ਖ਼ੁਦਾ ਦਾ ਪਿਆਰਾ ਪੁੱਤ ਹੈਂ,
ਤੈਨੂੰ ਗ਼ੈਰਤ ਨਾ ਆਈ ਕੀ ?

ਹੇ ਮੇਰੇ ਮੁਰਸ਼ਦ,
ਮੌਤ ਤਾਂ ਮੁਕਤੀ ਦਾ ਰਾਹ ਹੈ;
ਖ਼ੁਦਾ ਦਾ ਦਰਵਾਜ਼ਾ ਹੈ ।
ਹੇ ਮੇਰੇ ਗੁਰੂ
ਮੈਂ ਕਸਮ ਨਹੀਂ ਤੋੜੀ;
ਜੇ ਖ਼ੁਦ ਖ਼ੁਦਾ ਹੀ ਕਸਮ ਤੋੜ ਦੇਵੇ;

ਮੈਂ ਕੀ ਕਰਾਂ ?
ਜੇ ਖ਼ੁਦ ਖ਼ੁਦਾ ਹੀ ਕਹਿ ਦੇਵੇ,
"ਮੈਂ ਖ਼ੁਦਾ ਹਾਂ";
ਮੈਂ ਕੀ ਕਰਾਂ ?

ਜਣੈਦ ਮੁਰਸ਼ਦ
ਆਕਾਸ਼ ਵੱਲ ਬਾਹਾਂ ਉਲਾਰ ਕੇ
'ਹੇ ਖ਼ੁਦਾ' ਕਹਿ ਕੇ ਡਿੱਗ ਪਿਆ
ਮਨਸੂਰ ਦੇ ਪੈਰਾਂ 'ਚ ਡਿੱਗ ਪਿਆ ।

ਪੈਰਾਂ 'ਚ ਪਿਆ;
ਰੋਂਦਾ ਰਿਹਾ
ਰੋਂਦਾ ਰਿਹਾ............. ।

✵✵

# ਤੈਨੂੰ ਯਾਦ ਕਰਾਂ ਤਾਂ ਕੀ ਕਰਾਂ

ਅੱਜ ਫੇਰ ਕਿਸੇ ਮਹਿਫਲ 'ਚ
ਤੇਰੀ ਗੱਲ ਤੁਰੀ ਸੀ ।

ਬਹੁਤ ਦੇਰ ਪਹਿਲਾਂ ਜ਼ਮਾਨੇ ਨੇ
ਤੇਰੀ ਸ਼ਹੀਦੀ ਦੀ ਗੱਲ ਸੁਣੀ ਸੀ ।

ਰੱਸਾ ਚੁੰਮਦਿਆਂ ਤੂੰ ਜੋ,
ਗੱਲ ਸੋਚੀ ਸੀ,
ਉਹ ਗੱਲ ਚੰਗੀ ਸੀ ।
ਚਾਹੇ ਉਹ ਪੂਰੀ ਸੀ,
ਚਾਹੇ ਉਹ ਅਧੂਰੀ ਸੀ ।

"ਇਨਕਲਾਬ ਜ਼ਿੰਦਾਬਾਦ" ਦੀ
ਆਵਾਜ਼ ਤੇਰੀ ਤਾਂ
ਲਾਲ ਕਿਲ੍ਹੇ ਨਾਲ ਟਕਰਾ ਕੇ ਮੁੜੀ ਸੀ ।

ਅੰਗਰੇਜ਼ ਦਾ ਟੁਰ ਜਾਣਾ ਹੀ
ਕਾਫੀ ਨਹੀਂ ਸੀ,
ਆਜ਼ਾਦੀ ਦੀ ਧਰਵਾਸ,
ਮਿਲ ਜਾਣਾ ਹੀ ਕਾਫੀ ਨਹੀਂ ਸੀ ।
ਜ਼ਿੰਦਗੀ ਦੀ ਦੁਪਹਿਰ ਕੱਟਣ ਲਈ
ਨਾ ਛਾਂ ਕਾਫੀ ਹੈ;
ਨਾ ਥਾਂ ਕਾਫੀ ਹੈ ।

ਤੂੰ ਸ਼ਹੀਦ ਬਣ ਗਿਉਂ
ਇਨਕਲਾਬ ਨਾ ਬਣ ਸਕਿਉਂ ।
ਤੂੰ ਬਗਾਵਤ ਦਾ ਗੀਤ ਬਣ ਗਿਉਂ,
ਤੂੰ ਗਾਥਾ ਬਣ ਗਿਉਂ ।

ਜ਼ਿੰਦਗ਼ੀ ਦੇ ਪੀਣ ਲਈ ਜ਼ਹਿਰ
ਉਦੋਂ ਵੀ ਕਾਫੀ ਸੀ
ਅੱਜ ਵੀ ਕਾਫੀ ਹੈ ।

ਅੱਜ ਫੇਰ ਚਾਹੀਦਾ ਹੈ
ਇਕ ਭਗਤ ਸਿੰਘ;
ਜੋ ਫਾਂਸੀ ਲਟਕ ਸਕੇ ।
ਪਰ ਹੁਣ ਕੋਈ
ਭਗਤ ਸਿੰਘ ਜੰਮਦਾ ਹੀ ਨਹੀਂ ।
ਜੋ ਦੁਸ਼ਟਾਂ ਦੇ
ਦੁਸ਼ਟ ਬੋੜ੍ਹ 'ਤੇ
ਬਣ ਬਿਜਲੀ ਕੜਕ ਸਕੇ ।

ਦੇਸ਼ ਦੇ ਸ਼ਹਿਰਾਂ 'ਚ
ਤੇਰੇ ਬੁੱਤ ਬਥੇਰੇ ਨੇ ।
ਪਰ ਜ਼ਿੰਦਗ਼ੀ ਨੂੰ ਜਿਊਣ ਲਈ
ਪਨਾਹ ਨਹੀਂ ਮਿਲਦੀ ।

ਮੇਰੇ ਖੇਤਾਂ ਵਿਚ ਹੁਣ
ਕਣਕ ਨਹੀਂ ਜੰਮਦੀ;
ਹੁਣ ਮੌਤ ਜੰਮਦੀ ਹੈ ।
ਮੇਰੇ ਜਿਊਣ ਲਈ
ਠੰਡੀ ਹਵਾ ਨਹੀਂ ਮਿਲਦੀ ।

ਮੈਂ ਤੈਨੂੰ ਯਾਦ ਕਰਾਂ
ਤਾਂ ਕੀ ਕਰਾਂ ?
ਜ਼ਿੰਦਗ਼ੀ ਬਹੁਤ ਬੀਮਾਰ ਹੈ
ਕੋਈ ਦਵਾ ਨਹੀਂ ਮਿਲਦੀ ।

✵✵

# ਮੈਨੂੰ ਉਲਾਂਭਾ ਨਾ ਦਈਂ

ਮੈਨੂੰ ਉਲਾਂਭਾ ਨਾ ਦਈਂ;
ਮੈਨੂੰ ਮੰਦਾ ਨਾ ਕਹੀਂ ।

ਮੈਂ ਇਕ ਦਰਿਆ ਹਾਂ ।

ਗੰਗੋਤਰੀ ਦੀ ਚੁੱਪ 'ਚੋਂ,
ਕਿਸੇ ਜਮਨੋਤਰੀ ਦੀ ਕੁੱਖ 'ਚੋਂ,
ਮੈਂ ਜਨਮ ਲੈ ਕੇ ਆ ਰਿਹਾ ਹਾਂ ।
ਮੈਂ ਤਾਂ ਫੇਰ ਵੀ
ਇਸ ਧਰਤ ਦਾ ਦਰਿਆ ਹਾਂ ।

ਪਹਾੜਾਂ ਦੇ ਪੱਥਰਾਂ ਨਾਲ ਖਹਿੰਦਾ,
ਉਚਾਈਆਂ ਤੋਂ ਡਿੱਗਦਾ ਢਹਿੰਦਾ,
ਮੈਂ ਅੱਥਰਾ
ਤੁਰਿਆ ਤੁਰਿਆ ਹਾਂ ਆ ਰਿਹਾ ।

ਨਾਗ ਵਾਂਗ ਸ਼ੂਕਦਾ,
ਭਿਆਨਕ ਸ਼ੋਰ ਬਣਕੇ ਕੂਕਦਾ,
ਸ਼ਾਂਤ ਹੁੰਦਾ ਤੇ ਅੱਖਾਂ ਨੂਟਦਾ,
ਮੈਂ ਉਸ ਧਰਤੀ ਦਾ
ਪੁੱਤਰ ਬਣਕੇ ਹਾਂ ਆ ਰਿਹਾ ।

ਤੇਰੇ ਪਵਿੱਤਰ ਸ਼ਹਿਰ ਨੇੜੇ,
ਛੂਹ ਚਲਿਆ ਹਾਂ ਪੈਰ ਤੇਰੇ,
ਪਿਆਰ ਨਾ ਪਾ ਸੰਗ ਮੇਰੇ,
ਛੋਟੀ ਜਿਹੀ ਚੰਗੇਰ ਵਿਚ,
ਤੇਰਾ ਦੀਪ ਲੈ ਕੇ ਹਾਂ ਜਾ ਰਿਹਾ ।

ਜ਼ਿੰਦਗੀ ਦਾ ਪਾਣੀ ਮੇਰਾ
ਮੋਢੇ 'ਤੇ ਚੁੱਕਦਾ ਰਹੇਗਾ;
ਕਦੋਂ ਤੱਕ ਇਹ ਦੀਪ ਤੇਰਾ ?
ਡੁੱਬ ਗਿਆ ਜੇ ਸਜਨੀ;
ਮੈਨੂੰ ਉਲਾਂਭਾ ਨਾ ਦੇਈਂ,
ਵੱਸ ਮੇਰਾ ਜੇ ਨਾ ਰਿਹਾ ।

✵✵

## ਹਨ੍ਹੇਰੇ ਦੇ ਜੀਵ

ਹੇ ਬੰਦੇ !
ਤੂੰ ਬੂਹਾ ਖੋਲ੍ਹ ਤਾਂ ਸਹੀ;
ਅਸੀਂ ਕਿਰਨਾਂ
ਸੂਰਜ ਦੀਆਂ ਧੀਆਂ;
ਕਦੋਂ ਦੀਆਂ
ਤੇਰੇ ਦਰ 'ਤੇ ਖੜ੍ਹੀਆਂ ਹਾਂ ।

ਤੁਹਾਥੋਂ;
ਅਸਾਂ ਕੀ ਲੈਣਾ ਹੈ ?
ਅਸੀਂ ਤਾਂ ਹਨ੍ਹੇਰੇ ਦੇ ਜੀਵ ਹਾਂ
ਗੁਰਬਤ ਦੇ ਲੋਕ ਹਾਂ
ਸੂਰਜ ਦੀਆਂ ਕਿਰਣਾਂ
ਸਾਡਾ ਨਸੀਬ ਨਹੀਂ ।

ਕਿਸੇ ਵੇਲੇ ਸਾਡੇ ਘਰ
ਸੂਰਜ ਬਣ ਕੇ "ਨਾਨਕ" ਆਇਆ ਸੀ,
ਗੁਰੂ ਗੋਬਿੰਦ ਸਿੰਘ ਨੇ
ਸਾਨੂੰ ਗਲ਼ ਨਾਲ ਲਾਇਆ ਸੀ।
ਪਰ ਹੁਣ..........

✵✵

## ਇਕ ਜਨਮ ਹੋਰ

ਸੁਬ੍ਹਾ ਸਵੇਰੇ,
ਅੰਮ੍ਰਿਤ ਵੇਲੇ,
ਆਕਾਸ਼ ਦੇ ਤਾਰੇ
ਸੂਰਜ ਤੋਂ ਡਰਦੇ;
ਭੱਜ ਜਾਵਣ ਲਈ ਸੋਚ ਰਹੇ ਸਨ ।

ਰਾਤ ਦੀ ਸੁੱਤੀ
ਜੱਗ ਲੁਕਾਈ,
ਅੱਖਾਂ ਮਲਦੀ,
ਅੰਗੜਾਈ ਲੈਂਦੀ, ਉਠ ਰਹੀ ਸੀ ।

ਕੋਈ ਰੱਬ ਦਾ ਪਿਆਰਾ,
ਠਾਕਰ-ਦੁਆਰਾ,
ਗੁਰੂ-ਦੁਆਰਾ,
ਆਪਣੇ ਮਨ ਦੇ ਪਰਦੇ ਉਤੇ ਦੇਖ ਰਿਹਾ ਸੀ ।

ਕੋਈ ਕੋਈ ਸੜਕ 'ਤੇ
ਬੁੱਕਲ ਮਾਰੀ,
ਸੈਰ ਕਰੇਂਦਾ,
ਆ ਰਿਹਾ ਸੀ, ਜਾ ਰਿਹਾ ਸੀ ।

ਮੈਂ ਵੀ ਰੱਬ ਦਾ
ਜੀਵ ਵਿਚਾਰਾ;
ਸ਼ੂਗਰ ਦਾ ਮਾਰਾ;
ਤੜਕੇ ਤੜਕੇ, ਮੂੰਹ ਹਨ੍ਹੇਰੇ,
ਰੱਬ ਦੇ ਕਿਰਦੇ ਅੰਮ੍ਰਿਤ ਰਸ ਨੂੰ
ਮਹਿਸੂਸ ਰਿਹਾ ਸਾਂ ।

ਸੜਕ ਕਿਨਾਰੇ
ਇਕ ਰਿਕਸ਼ਾ ਤੁਰਦਾ, ਨਜ਼ਰ ਸੀ ਆਉਂਦਾ ।
ਮੈਂ ਹੈਰਾਨ ਸਾਂ,
ਚਾਲਕ ਤਾਂ ਉਸਦਾ
ਨਾ ਸੀ ਕੋਈ ਨਜ਼ਰੀ ਆਉਂਦਾ ।
ਡਰ ਗਿਆ ਮੈਂ ਤਾਂ
ਹੌਲੀ ਹੌਲੀ
ਇਹ ਰਿਕਸ਼ਾ ਮੇਰੇ ਨੇੜੇ ਆਇਆ ।

ਉਤਸੁਕਤਾ ਵਿਚ ਸੋਚਦੇ ਸੋਚਦੇ;
ਜਦ ਇਹ ਰਿਕਸ਼ਾ,
ਹੋਰ ਹੋਰ ਮੇਰੇ ਨੇੜੇ ਆਇਆ ।
ਤਾਂ ਮੈਨੂੰ
ਸੱਚ ਨਜ਼ਰੀਂ ਆਇਆ ।

ਰਿਕਸ਼ੇ ਦੇ ਫਰੇਮ ਦੇ ਉਹਲੇ,
ਪੰਜ ਕੁ ਸਾਲ ਬੱਚਾ ਵਿਚਾਰਾ,
ਉਸ ਕਿਰਸ਼ੇ ਨੂੰ ਧੱਕ ਰਿਹਾ ਸੀ ।

ਸੜਕ ਦੀ ਪੱਟੜੀ ਤੋਂ
ਕੁਝ ਦੂਰੀ ਤੇ,
ਉਸ ਦਾ ਬਾਪ ਕੋਡਾ ਹੋਇਆ;
ਕਾਗਜ਼ ਕੱਚਰਾ ਚੁੱਕ ਰਿਹਾ ਸੀ ।

ਮੇਰੇ ਦਿਲ ਨੇ
ਇਕ ਹਉਕਾ ਭਰਿਆ;
ਮੇਰੇ ਰੂਹ ਦਾ ਅੰਬਰ ਸੜਿਆ;
ਇਕ ਬਦਨਸੀਬ,

ਗ਼ਰੀਬੀ ਦਾ ਜੀਵ,
ਗੁਰਬਤ ਦੇ ਇਸ ਗੱਡੇ ਨੂੰ
ਸਾਰੀ ਉਮਰ ਧੱਕਦਾ ਰਹੇਗਾ ।

ਮੈਂ ਸੋਚਿਆ,
ਇਸ ਦੀ ਮੈਂ ਕਵਿਤਾ ਲਿਖਾਂਗਾ ।
ਇਹ ਕਵਿਤਾ ਤਾਂ ਬਹੁਤ ਲੰਮੀ ਹੈ ।
ਬਹੁਤ ਔਖੀ ਹੈ ।

ਉਮਰ ਮੇਰੀ ਦਾ ਯੁੱਗ ਛੋਟਾ ਹੈ ।
ਇਕ ਜਨਮ ਹੋਰ ਚਾਹੀਦਾ ਐ ...............

✵✵

# ਤੂੰ ਫੇਰ ਆਵੀਂ

ਕਲਮ ਮੰਨਦੀ ਨਹੀਂ,
ਰੋ ਪੈਂਦੀ ਹੈ,
ਰੋਈ ਜਾਂਦੀ ਹੈ ।
ਜ਼ਿੰਦਗ਼ੀ ਬਾਰੇ ਜਦੋਂ ਮੈਂ ਲਿਖਦਾ ਹਾਂ ।

ਸ਼ਬਦ ਹੰਝੂਆਂ 'ਚ,
ਨਹਾ ਕੇ ਆਉਂਦੇ ਨੇ ।

ਕਵਿਤਾ ਜ਼ਿੰਦਗ਼ੀ ਦੇ
ਸਰ੍ਹਾਣੇ ਬਹਿ ਕੇ ਰੋਈ ਜਾਂਦੀ ਏ ।

ਮੈਂ ਜ਼ਿੰਦਗ਼ੀ ਦੇ ਪੈਰਾਂ ਵਲ,
ਸਿਰ ਨਿਵਾ ਕੇ,
ਹੱਥ ਜੋੜ ਕੇ,
ਖੜ੍ਹਾ ਹਾਂ ਹੋ ਜਾਂਦਾ ।

ਹੇ ਜ਼ਿੰਦਗ਼ੀ
ਤੂੰ ਖੁਦਕੁਸ਼ੀ ਕਰਕੇ ਹੈਂ ਜਾ ਰਹੀ;
ਮੈਂ ਸ਼ਰਮਸਾਰ ਹਾਂ;
ਮੇਰੀ ਕਵਿਤਾ ਵੀ ।
ਮੈਂ ਤੇ ਮੇਰੀ ਕਵਿਤਾ ਤੈਨੂੰ ਬਚਾਅ ਨਹੀਂ ਸਕੇ ।

ਤੂੰ ਫੇਰ ਆਵੀਂ,
ਦੂਸਰਾ ਜਨਮ ਲੈ ਕੇ ਆਵੀਂ ।
ਮੈਂ ਤੈਨੂੰ
ਸੁੰਦਰ-ਸੁੰਦਰ ਸੁਪਨਾ ਦਿਖਾਵਾਂਗਾ ।
ਮੈਂ ਤੈਨੂੰ ਸੱਚ ਦੀ ਜੰਗ ਲੜਨੀ ਸਿਖਾਵਾਂਗਾ ।

## ਚਲਦੀਆਂ ਫਿਰਦੀਆਂ ਚਿਤਾਵਾਂ

ਮੇਰਾ ਮਰਨਾ ਵੀ
ਕਾਹਦਾ ਮਰਨਾ ਹੈ;
ਮੈਂ ਤਾਂ ਉਮਰ ਭਰ ਮਰਦਾ ਰਿਹਾ ਹਾਂ ।

ਜਦੋਂ ਦਫ਼ਤਰ ਜਾਦਿਆਂ
ਲੇਟ ਹੋ ਜਾਂਦਾ ਸਾਂ;
ਉਦੋਂ ਮੈਂ ਅੱਧਾ ਕੁ ਤਾਂ ਮਰ ਹੀ ਜਾਂਦਾ ਸਾਂ ।

ਉਦੋਂ ਵੀ
ਮੈਂ ਹਰ ਰੋਜ਼ ਮਰਦਾ ਸਾਂ;
ਜਦੋਂ ਆਪਣੇ ਪੁੱਤ ਤੋਂ ਬੋਤਲ ਮੰਗਾਉਦਾ ਸਾਂ;
ਪੁੱਤ ਦੇ ਸਾਹਮਣੇ
ਧੀ ਦੇ ਸਾਹਮਣੇ ਪੀਂਦਾ ਸਾਂ ।
ਜਾਂ ਪੀ ਕੇ ਲੁੜਕਦਾ ਹੋਇਆ,
ਅੱਧਾ ਮਰਿਆ ਹੋਇਆ,
ਰਾਤ ਨੂੰ ਘਰ ਮੁੜਦਾ ਸਾਂ ।

ਮੈਂ ਤਾਂ ਉਦੋਂ ਵੀ ਮਰ ਜਾਂਦਾ ਸਾਂ
ਜਦੋਂ ਦੂਰ ਕਿਸੇ ਪਿੰਡ ਤੋਂ ਆਏ
ਕਿਸੇ ਗਰੀਬ ਤੋਂ,
ਕੰਮ ਕਰਨ ਲਈ ਉਸ ਤੋਂ ਰਿਸ਼ਵਤ ਲੈ ਲੈਂਦਾ ਸਾਂ ।

ਉਦੋਂ ਵੀ ਮੇਰਾ ਮਰਨ ਨੂੰ ਜੀਅ ਕਰਦਾ ਹੈ;
ਜਦੋਂ ਮੇਰੀ ਪਤਨੀ ਦੀ ਪੱਤ
ਪਿੰਡ ਦਾ ਸਰਪੰਚ ਲੁੱਟ ਲੈਂਦਾ ਹੈ ।
ਮੁਕੱਦਮਾ ਸਰਪੰਚ ਜਿੱਤ ਜਾਂਦਾ ਹੈ
ਮੇਰਾ ਧਰਤੀ ਵਿਚ ਧੱਸ ਜਾਣ ਨੂੰ ਜੀਅ ਕਰਦਾ ਹੈ ।

ਮੈਂ ਉਦੋਂ ਵੀ ਮਰ ਜਾਂਦਾ ਹਾਂ,
ਜਦੋਂ ਮੇਰਾ ਪੁੱਤ
ਬਿਗਾਨੀ ਧੀ ਨਾਲ ਬਲਾਤਕਾਰ ਕਰਦਾ ਹੈ ।
ਮੈਂ ਉਸ ਲਈ
ਅਦਾਲਤ ਵਿਚ ਜਾ ਕੇ
ਵਕੀਲ ਕਰਦਾ ਹਾਂ ।

ਮੈਂ ਤਾਂ ਉਦੋਂ ਵੀ
ਮੌਤ ਤੋਂ ਮੰਗ ਕੇ ਜ਼ਹਿਰ ਪੀ ਲੈਂਦਾ ਹਾਂ;
ਜਦੋਂ ਮੇਰੀ ਪਤਨੀ ਮੈਨੂੰ ਕੁੱਤਾ ਕਹਿ ਦਿੰਦੀ ਹੈ;
ਇਸ ਕਰਕੇ ਕਿ ਮੈਂ
ਕਿਸੇ ਗ਼ੈਰ ਔਰਤ ਪਾਸ ਰਾਤ ਕੱਟ ਕੇ ਆਉਂਦਾ ਹਾਂ ।

ਮੈਂ ਹੀ ਨਹੀਂ
ਮੇਰੇ ਵਾਂਗ ਘਰ ਘਰ ਸਭ ਮਰਦੇ ਹਨ ।
ਹਰ ਰੋਜ਼ ਚਿਤਾਵਾਂ ਜਲਦੀਆਂ ਹਨ ।
ਇਹ ਚਲਦੀਆਂ ਫਿਰਦੀਆਂ ਚਿਤਾਵਾਂ
ਜਦੋਂ ਬੁੱਝ ਜਾਂਦੀਆਂ ਹਨ;
ਬੰਦੇ ਮਰ ਜਾਂਦੇ ਹਨ ।

**

# ਜ਼ਿੰਦਗੀ ਜਸ਼ਨ ਨਹੀਂ

ਜ਼ਿੰਦਗੀ ਜਸ਼ਨ ਨਹੀਂ,
ਜ਼ਿੰਦਗੀ ਸ਼ਮਸ਼ਾਨ ਦੀ ਭਸਮ ਨਹੀਂ,
ਜੋ ਕੋਈ ਨਾਥ
ਪਿੰਡੇ 'ਤੇ ਮਲਦਾ ਏ,
ਜ਼ਿੰਦਗੀ ਤਾਂ ਇਕ ਕਸਮ ਹੁੰਦੀ ਹੈ ।
ਜੋ ਉਮਰ ਭਰ ਨਿਭਾਉਣੀ ਹੁੰਦੀ ਹੈ ।

ਮਨੁੱਖ ਇਹ ਕਸਮ ਤੋੜ ਦਿੰਦਾ ਏ,
ਫੜਿਆ ਹੱਥ ਛੋੜ ਦਿੰਦਾ ਏ ।
ਉਹ ਬੜਾ ਪਾਗਲ ਹੁੰਦਾ ਏ
ਜ਼ਿੰਦਗੀ ਦੇ ਮਾਰੂਥਲ ਵਲ
ਮੂੰਹ ਮੋੜ ਲੈਂਦਾ ਏ ।

ਮਨੁੱਖ ਸੁੱਖ ਮੰਗਦਾ ਏ;
ਛਾਵੇਂ ਬਹਿਣ ਲਈ ਰੁੱਖ ਮੰਗਦਾ ਏ;
ਇਸ ਸੁੱਖ ਦਾ ਰੁੱਖ
ਮੱਥੇ 'ਚ ਜੰਮਦਾ ਏ,
ਜਦੋਂ ਬੰਦਾ ਘਰਵਾਲੀ ਨੂੰ ਪੁੱਛਦਾ ਏ ।

ਤੇਰੀ ਤਬੀਅਤ ਠੀਕ ਨਹੀਂ ਲੱਗਦੀ,
ਤੂੰ ਅੱਜ ਗੀਤ ਨਹੀਂ ਲੱਗਦੀ ।

ਬੰਦੇ ਨੂੰ ਸਮਝ ਨਹੀਂ ਹੁੰਦੀ
ਜ਼ਿੰਦਗੀ ਰਸ ਵੀ ਹੁੰਦੀ ਏ,
ਜ਼ਿੰਦਗੀ ਕਸ ਵੀ ਹੁੰਦੀ ਏ ।

ਜ਼ਿੰਦਗੀ ਨੂੰ ਹਨ੍ਹੇਰਿਆਂ ਵਿਚ ਵੀ
ਤੁਰਨਾ ਹੁੰਦਾ ਏ;
ਰਾਤ ਨੂੰ ਸੁਪਨਿਆਂ ਵਿਚ ਵੀ ਰੋਣਾ ਹੁੰਦਾ ਏ ।

ਦਿਨੇ ਆਕਾਸ਼ ਵਿਚ
ਸੂਰਜ ਹੁੰਦਾ ਏ;
ਰਾਤ ਨੂੰ ਆਕਾਸ਼ ਵਿਚ
ਤਾਰੇ ਹੁੰਦੇ ਨੇ ।
ਉਹ ਵੀ ਜ਼ਿੰਦਗੀ ਦੇ ਸਹਾਰੇ ਹੁੰਦੇ ਨੇ ।

ਜ਼ਿੰਦਗੀ ਜਸ਼ਨ ਨਹੀਂ,
ਇਹ ਤਾਂ ਇਕ ਫ਼ਰਜ਼ ਹੈ ।
ਇਹ ਤਾਂ ਇਕ ਕਰਜ਼ ਹੈ ।
ਜੋ ਕੁਦਰਤ ਦਾ ਅਸਾਂ ਦੇਣਾ ਹੈ ।

ਤੂੰ ਕੀ ਕਰਨਾ ਹੈਂ;
ਕੀ ਕਰਕੇ ਆਇਆ ਹੈਂ;
ਇਹ ਜੀਵਨ ਤੇਰਾ
ਉਸੇ ਦੀ ਇਕ ਫਰਦ ਹੈ ।
ਜ਼ਿੰਦਗੀ ਜਸ਼ਨ ਨਹੀਂ
ਇਹ ਤਾਂ ਇਕ ਕਸਮ ਹੈ ।
ਇਕ ਫਰਜ਼ ਹੈ ।

✵✵

# ਅੱਜ ਕਿਸੇ ਨੇ ਆਉਣਾ ਹੈ

ਅੱਜ ਮੇਰੇ ਘਰ
ਕਿਸੇ ਨੇ ਆਉਣਾ ਹੈ ।
ਮੈਨੂੰ ਪਤਾ ਏ
ਉਸ ਦੀ ਯਾਦ ਨੇ, ਅੱਜ ਜ਼ਰੂਰ ਆਉਣਾ ਏ ।

ਮੈਂ ਹੰਝੂਆਂ ਦਾ ਤੇਲ
ਚੋਵਾਂਗਾ ਆਪਣੀ ਦਹਿਲੀਜ਼ ਉੱਤੇ ।
ਮੈਂ ਚੁੱਪ ਦੇ
ਅੱਖਰ ਲਿਖਾਂਗਾ ਹਰ ਚੀਜ਼ ਉੱਤੇ ।

ਉਸ ਦੀ ਯਾਦ ਆਈ,
ਮੈਂ ਖੜ੍ਹਾ ਨਹੀਂ ਹੋਇਆ,
ਉਸ ਦੇ ਸੁਆਗਤ ਲਈ ।
ਮੈਂ ਬੈਠਾ ਸਾਂ
ਬੈਠਾ ਹੀ ਰਹਿ ਗਿਆ ।
ਮੈਂ ਪੂਰਾ ਮਨੁੱਖ ਸਾਂ,
ਅੱਧਾ ਹੀ ਰਹਿ ਗਿਆ ।

ਮੇਰੀ ਆਤਮਾ ਨੇ
ਮਾਤਮ ਦੀ ਚੱਦਰ ਵਿਛਾ ਲਈ ।
ਮੇਰੇ ਚਿਹਰੇ ਤੇ, ਉਦਾਸੀ ਛਾ ਗਈ ।

ਮੇਰੀ ਚੁੱਪ ਨੇ
ਉਸ ਤੋਂ ਸਭ ਕੁਝ ਪੁੱਛਿਆ ।
ਉਸ ਨੂੰ ਜਾਪਦਾ ਸੀ, ਮੈਂ ਹਾਂ ਰੁੱਸਿਆ ।

ਉਸ ਨੇ ਕਿਹਾ
ਹੰਝੂਆਂ ਦਾ ਦਰਿਆ
ਲੰਘ ਕੇ ਆਈ ਹਾਂ ਮੈਂ ।
ਹਉਕਿਆਂ ਦੀ ਅੱਗ ਨਾਲ
ਸੜਦਾ ਜੰਗਲ ਲੰਘ ਕੇ ਆਈ ਹਾਂ ਮੈਂ ।
ਜ਼ਿੰਦਗੀ ਤਾਂ ਮਰ ਗਈ ਸੀ,
ਤੁਹਾਥੋਂ ਵਿਛੜ ਕੇ
ਉਸ ਦੀ ਲਾਸ਼ ਨੂੰ, ਮੋਢਿਆਂ ਤੇ, ਚੁੱਕ ਕੇ ਲੈ ਆਈ ਹਾਂ ਮੈਂ ।

ਮੈਂ ਚੁੱਪ ਰਿਹਾ,
ਸੁਣਦਾ ਰਿਹਾ,
ਕੁਝ ਨਾ ਕਿਹਾ ।
ਉਸ ਨੇ ਸ਼ਾਇਦ ਸਮਝ ਲਿਆ ਸੀ;
ਮੈਂ ਤਾਂ ਕਦੋਂ ਦਾ ਮਰ ਗਿਆ ਹਾਂ ।

ਉਸ ਦੀ ਸੋਚ
ਉੱਠ ਕੇ ਖੜ੍ਹੀ ਹੋ ਗਈ ।
ਮੈਂ ਚੱਲੀ ਹਾਂ,
ਮੈਂ ਸਮਝ ਗਈ ਹਾਂ ।

ਮੈਂ ਤੁਹਾਨੂੰ ਮਾਫ਼ ਕਰ ਦਿੱਤਾ ਹੈ,
ਮੈਂ ਤੁਹਾਨੂੰ ਮਾਫ਼ ਕਰ ਦਿੱਤਾ ਹੈ ।............

✵✵

## ਅੰਧੇਰਾ

ਹਨ੍ਹੇਰਾ ਬਹੁਤ ਬਲਵਾਨ ਹੈ;
ਬਹੁਤ ਸ਼ੈਤਾਨ ਹੈ;
ਸੂਰਜ ਤੋਂ ਪਰੇ ਰਹਿੰਦਾ ਹੈ;
ਸੂਰਜ ਨੂੰ ਕੁਝ ਨਹੀਂ ਕਹਿੰਦਾ,
ਹਰ ਵੇਲੇ ਆਪਣੇ ਘਰੇ ਰਹਿੰਦਾ ਹੈ ।

ਇਹ ਅੰਧੇਰਾ
ਸਮੁੰਦਰ ਦੇ ਹੇਠ ਰਹਿੰਦਾ ਹੈ ।
ਸੂਰਜ ਦੀ ਕੀ ਤਾਕਤ ਹੈ
ਪਾਣੀ ਦੀ ਸਤ੍ਹਾ ਨੂੰ ਚੀਰ ਕੇ
ਅੰਧੇਰੇ ਨੂੰ ਦੇਖ ਸਕੇ ।

ਅੰਧੇਰਾ ਤਾਂ
ਮਨੁੱਖ ਦੇ ਮਨ 'ਚ ਰਹਿੰਦਾ ਹੈ ।
ਜਿੱਥੇ ਸੂਰਜ ਪਹੁੰਚ ਨਹੀਂ ਸਕਦਾ,
ਪੈਰ ਰੱਖ ਨਹੀਂ ਸਕਦਾ ।

ਸੂਰਜ ਦੇ ਹੁੰਦਿਆਂ
ਇਹ ਅੰਧੇਰਾ,
ਯੁੱਗਾਂ ਯੁੱਗਾਂ ਤੋਂ ਧਰਤੀ 'ਤੇ ਰਾਜ ਕਰਦਾ ਹੈ ।
ਹਰ ਪਾਪ ਕਰਦਾ ਹੈ
ਆਪਣੀ ਤਾਕਤ ਤੇ ਨਾਜ਼ ਕਰਦਾ ਹੈ ।

ਹਨ੍ਹੇਰਾ ਬਹੁਤ ਸ਼ਕਤੀਸ਼ਾਲੀ ਹੈ,
ਮਨੁੱਖ ਨੂੰ ਹਰ ਪਲ
ਪ੍ਰਭਾਵਤ ਕਰਦਾ ਹੈ ।
ਅੱਖਾਂ ਵਿਚ ਜੋਤ ਹੁੰਦਿਆਂ ਵੀ
ਮਨੁੱਖ ਨੂੰ ਅੰਨ੍ਹਾ ਕਰ ਸਕਦਾ ਹੈ;
ਇਹ ਸਾਬਤ ਕਰਦਾ ਹੈ ।

ਸੂਰਜ ਤਾਂ ਬਹੁਤ ਕਮਜ਼ੋਰ ਹੈ,
ਪ੍ਰਕਾਸ਼ ਦਾ ਮਾਲਕ ਹੈ,
ਕਈ ਬੰਦਿਆਂ ਨੂੰ
ਚਾਣਨ ਦੇ ਹੁੰਦਿਆਂ ਕੁਝ ਵੀ ਨਜ਼ਰ ਨਹੀਂ ਆਉਂਦਾ ।
ਪਰ ਕਈ ਉੱਲੂਆਂ ਨੂੰ ਰਾਤ ਨੂੰ,
ਸਭ ਕੁਝ ਨਜ਼ਰ ਆਉਂਦਾ ਹੈ ।
ਨੂੰਹ ਦਾ ਚੀਰ-ਹਰਨ ਹੁੰਦਿਆਂ ਵੀ
ਭੀਸ਼ਮ-ਪਿਤਾਮਾ ਨੂੰ
ਕੁਝ ਵੀ ਨਜ਼ਰ ਨਹੀਂ ਸੀ ਆਉਂਦਾ ।

ਅੰਧੇਰਾ ਬਹੁਤ ਪਾਪੀ ਹੈ,
ਉਸ ਨੇ ਤਾਂ ਨਾਨਕ ਨੂੰ ਕੈਦ ਕੀਤਾ ਸੀ;
ਈਸਾ ਨੂੰ ਸੀ ਚਾੜ੍ਹਿਆ ਸੂਲੀ;
ਸੁਕਰਾਤ ਨੂੰ ਜ਼ਹਿਰ ਪਿਆਈ ਸੀ;
ਕ੍ਰਿਸ਼ਨ ਦਾ ਜਨਮ ਹੀ
ਹਨ੍ਹੇਰੀ ਕੋਠੜੀ ਵਿਚ ਹੋਇਆ ਸੀ;
ਗੁਰੂ ਨੂੰ ਤੱਤੀ ਤਵੀ 'ਤੇ ਬੈਠਾ ਦਿੱਤਾ ਸੀ;
ਚੌਂਕ ਵਿਚ ਕਤਲ ਕਰਾ ਦਿੱਤਾ ਸੀ ।

ਇਸ ਅੰਧਕਾਰ ਦਾ ਨਾਂ ਸ਼ੈਤਾਨ ਵੀ ਹੈ
ਇਹ ਇਸਲਾਮ ਕਹਿੰਦਾ ਹੈ ।
ਰੱਬ ਨੂੰ ਦੇਖੋ,
ਪਰ ਰੱਬ ਨੂੰ ਦੇਖਣ ਤੋਂ ਪਹਿਲਾਂ
ਸ਼ੈਤਾਨ ਨੂੰ ਦੇਖੋ ।
ਮੈਨੂੰ ਸ਼ੈਤਾਨ ਸਾਫ ਨਜ਼ਰ ਆਉਂਦਾ ਹੈ ।
ਇਸੇ ਲਈ ਅੰਧੇਰਾ
ਮੈਥੋਂ ਬਹੁਤ ਡਰਦਾ ਹੈ...................

## ਸੜਕ

ਇਕ ਸੜਕ ਹੈ,
ਚੰਡੀਗੜ੍ਹ ਤੋਂ ਦਿੱਲੀ ਨੂੰ ਜਾਂਦੀ ਹੈ ।
ਜਿੱਥੇ ਇਕ ਕੁਲਹਿਣੀ ਜਿਹੀ "ਦੇਵੀ" ਰਹਿੰਦੀ ਹੈ ।

ਇਕ ਸੜਕ
ਮੇਰੇ ਘਰ ਨੂੰ ਜਾਂਦੀ ਹੈ,
ਜਿੱਥੇ ਮੇਰੀ ਨਿੰਮ ਦੀ ਛਾਂ ਵਰਗੀ
ਪਤਨੀ ਰਹਿੰਦੀ ਹੈ ।

ਇਕ ਸੜਕ
ਮੇਰੇ ਪਿੰਡ ਨੂੰ ਜਾਂਦੀ ਹੈ,
ਜਿਥੇ ਮੈਂ ਜੰਮਿਆ ਸਾਂ ।
ਗਲੀਆਂ 'ਚ ਖੇਡਿਆ ਸਾਂ,
ਜਿੱਥੇ ਮੈਨੂੰ "ਦੀਪੋ" ਮਿਲੀ ਸੀ ।

ਇਕ ਸੜਕ ਹੈ,
ਕੁਝ ਕੱਚੀ ਹੈ,
ਕੁਝ ਪੱਕੀ ਹੈ,
ਟੁੱਟੀ ਭੱਜੀ ਹੈ,
ਜਿੱਥੇ ਸਿਰਫ਼ ਸਾਇਕਲ ਹੀ ਤੁਰਦੀ ਹੈ ।
ਕੋਈ ਕਾਰ ਨਹੀਂ ਜਾਂਦੀ ।
ਇਸ ਸੜਕ 'ਤੇ ਇਕ ਪਿੰਡ ਹੈ ।
ਜਿਸ ਦੀਆਂ ਝੁੱਗੀਆਂ ਕੋਲ
ਨੰਗੇ ਬਦਨ ਬੱਚੇ ਖੇਡਦੇ ਹਨ;
ਜਿਹਨਾਂ ਨੂੰ ਦੇਖ ਕੇ
ਮੇਰੀ ਆਤਮਾ ਮੇਰੇ ਨਾਲ ਗੱਲਾਂ ਕਰਦੀ ਹੈ ।

ਇਕ ਸੜਕ ਹੈ
ਦੂਰ ਪਹਾੜਾਂ ਨੂੰ ਜਾਂਦੀ ਹੈ;
ਕੋਹ-ਹਿਮਾਲਾ ਨੂੰ ਜਾਂਦੀ ਹੈ;
ਝੀਲ ਮਾਨ-ਸਰੋਵਰ ਨੂੰ ਜਾਂਦੀ ਹੈ;
ਕੈਲਾਸ਼ ਪਰਬਤ ਨੂੰ ਜਾਂਦੀ ਹੈ;
ਜਿੱਥੇ ਰੱਬ ਰਹਿੰਦਾ ਹੈ ।
ਜੋ ਮੈਨੂੰ ਕਦੇ ਨਹੀਂ ਮਿਲਿਆ
ਯੁੱਗਾਂ ਯੁੱਗਾਂ ਤੋਂ
ਦੁਨੀਆ ਢੂੰਡਦੀ ਪਈ ਹੈ ।

ਇਕ ਹੋਰ ਸੜਕ ਹੈ;
ਜੋ ਲਾਹੌਰ ਨੂੰ ਜਾਂਦੀ ਹੈ ।
ਜਿਥੇ ਕੋਈ ਸੱਚ ਦੀ ਖਾਤਰ
ਹੱਕ ਦੀ ਖਾਤਰ
ਤੱਤੀ ਤਵੀ 'ਤੇ ਬੈਠਾ ਹੈ ।
ਜਿਥੇ ਕੁਫਰ ਦਾ ਗੁੰਬਦ ਤੋੜਨ ਲਈ,
ਹੱਥਾਂ ਵਿਚ ਬੰਬ ਲਈ,
ਭਗਤ ਸਿੰਘ ਗਲੀਆਂ 'ਚ ਫਿਰਦਾ ਹੈ,
ਇਸ ਸੜਕ 'ਤੇ
ਕੋਈ ਵਿਰਲਾ ਹੀ ਤੁਰਦਾ ਹੈ ।

⁂

## ਸਿਰਜਣਹਾਰ ਲੋਕ

ਮੈਂ ਜੰਮਿਆ ਸਾਂ ਓਦੋਂ
ਜਦੋਂ ਅੱਗ ਵਰ੍ਹਦੀ ਸੀ ।
ਹਿਟਲਰ,
ਮਿਸਲੋਨੀ,
ਦੇਸ਼ਾਂ ਦੇ ਦੇਸ਼ ਸੀ ਫੂਕਦਾ ਜਾ ਰਿਹਾ ।

ਹੀਰੋਸ਼ੀਮਾ 'ਤੇ,
ਨਾਗਾਸਾਕੀ 'ਤੇ,
ਐਟਮ-ਬੰਬ ਸਨ ਡਿੱਗ ਰਹੇ ।
ਜਗਤ ਜਲੰਦਾ ਜਲ ਰਿਹਾ ਸੀ ।

ਮੇਰੇ ਦਾਦਿਆਂ
ਪੜਦਾਦਿਆਂ ਨੇ,
ਇਕ ਜਹਾਨ ਦੇਖਿਆ ਸੀ ।
ਦੁੱਲ੍ਹੇ ਦੀ ਬਾਰ,
ਨੀਲੀ ਬਾਰ,
ਗੰਜੀ ਬਾਰ,
ਜੰਗਲ ਤੋੜੇ ਉਹਨਾਂ ਘਰ ਵਸਾਏ ਸਨ ।
ਇਕ ਨਵਾਂ ਸੰਸਾਰ ਵਸਾਇਆ ਸੀ ।
ਉੱਜੜ ਕੇ ਗਏ ਲੋਕ,
ਸੰਨ ਸੰਤਾਲੀ ਵੇਲੇ
ਉੱਜੜ ਕੇ ਆਏ ਲੋਕ ।

ਉਹਨਾਂ ਦਾ ਇਤਿਹਾਸ ਕੌਣ ਲਿਖੇਗਾ;
ਉਹਨਾਂ ਦਾ ਦਰਦ ਕੌਣ ਵੰਡਾਏਗਾ ?
ਖੇਤਾਂ ਵਿਚ,
ਸੜਕਾਂ ਦੇ ਕਿਨਾਰੇ,
ਬਿੱਖਰੀਆਂ ਪਈਆਂ ਲਾਸ਼ਾਂ

ਬਿਨਾ ਕੱਫਣ;
ਬੇ-ਪਹਿਚਾਣੀਆਂ,
ਜਿਹਨਾਂ ਦੀਆਂ ਖੁਲ੍ਹੀਆਂ ਅੱਖਾਂ
ਕਿਸੇ ਨੇ ਬੰਦ ਵੀ ਨਾ ਕੀਤੀਆਂ ।
ਉਹਨਾਂ ਲਾਸ਼ਾਂ ਦੇ ਨਾਂ ਕੌਣ ਦੱਸੇਗਾ ?
ਮੇਰੇ ਅੱਖਰਾਂ ਕੋਲੋਂ ਤਾਂ ਉਹਨਾਂ ਦੇ ਨਾਂ ਲਿਖੇ ਜਾ ਨਹੀਂ ਸਕਦੇ ।

ਮੈਂ ਫੇਰ ਜੰਮਾਂਗਾ,
ਮੈਂ ਫੇਰ ਅਵਾਂਗਾ,
ਕੋਈ ਸ਼ਹਿਰ ਉਜੜਿਆ ਹੋਵੇਗਾ,
ਗਰੀਬੀ ਦੇ ਲਿਤਾੜੇ,
ਭੁੱਖਾਂ ਦੇ ਸਾੜੇ,
ਕੁਝ ਲੋਕਾਂ ਦੇ ਪਿੰਜਰ,
ਮੱਲਬੇ ਹੇਠਾਂ ਦੱਬੇ ਪਏ ਹੋਣਗੇ,
ਉਹਨਾਂ ਨੂੰ ਪੁਰਾਤੱਤਵ ਚੀਜ਼ਾਂ ਸਮਝ ਕੇ
ਕੁਰੇਦਦਾ ਰਿਹਾ ਹੋਵੇਗਾ ਕੋਈ ।
ਕਿਸੇ ਨੂੰ ਉਹਨਾਂ ਦੇ ਨਾਂ ਵੀ
ਪਤਾ ਨਹੀਂ ਹੋਣਗੇ ।

ਉਹਨਾਂ ਦੇ ਨਾਂ ਕੌਣ ਦੱਸੇਗਾ
ਪਰ ਉਹਨਾਂ ਨੇ ਤਾਂ
ਮਰ ਕੇ ਵੀ ਕਿਸੇ ਇਤਿਹਾਸ ਦੀ,
ਕਿਸੇ ਪਰਿਵਰਤਣ ਦੀ;
ਸਿਰਜਣਾ ਕੀਤੀ ਹੋਵੇਗੀ ।
ਇਹ ਸਿਰਜਣਹਾਰ ਲੋਕ
ਮੇਰੇ ਹੀ ਪਿਤਾਮੇ ਸਨ ।

**

# ਚੇਤਨਾ ਦੀ ਭੁੱਖ

ਤੂੰ ਵਿਦਵਾਨ ਹੈਂ,
ਗਿਆਨ ਦਾ ਨਿਧਾਨ ਹੈਂ,
ਕਿਸੇ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਏਂ ।

ਬਹੁਤ ਜ਼ਰਦਾਰ ਐਂ,
ਅਮੀਰ ਹੈਂ,
ਵਿਦਿਆ ਦੇ ਰਤਨਾਂ ਦਾ ਭੰਡਾਰ ਐਂ ।

ਦੇਸ਼ ਗਰੀਬ ਹੈ,
ਬਦ-ਨਸੀਬ ਹੈ,
ਤੈਨੂੰ ਕੋਈ ਫਿਕਰ ਨਹੀਂ ।

ਜੇ ਫਿਕਰ ਹੈ,
ਕਿਸੇ ਸੈਮੀਨਾਰ ਵਿਚ ਕਹਿ ਦਿੰਦਾ ਐਂ,
ਇਹ ਗਿਆਨ ਦੇ ਰਤਨ ਵੰਡ ਦਿੰਦਾ ਐਂ,
ਸਿਰਫ ਉਹਨਾਂ ਨੂੰ ਜੋ ਪਹਿਲਾਂ ਹੀ ਧਨਵਾਨ ਹਨ ।

ਤੇਰੇ ਰਤਨਾਂ ਨੂੰ ਉਹ
ਆਪਣੇ ਕੱਪ-ਬੋਰਡ 'ਤੇ ਸਜਾ ਦਿੰਦੇ ਹਨ;
ਫਿਰ ਉਹਨਾਂ ਵੱਲ ਕਦੇ ਦੇਖਦੇ ਵੀ ਨਹੀਂ ।

ਇਹਨਾਂ ਰਤਨਾਂ ਦੀ ਤਾਂ ਜ਼ਰੂਰਤ ਹੈ,
ਉਸ ਕਿਸਾਨ ਨੂੰ
ਜੋ ਪੱਕੀ ਫ਼ਸਲ ਨੂੰ ਦੇਖ ਕੇ ਕਹਿੰਦਾ ਹੈ,
ਇਹ ਫ਼ਸਲ ਵਿਕ ਜਾਣੀ ਹੈ,
ਮੇਰਾ ਕਰਜ਼ ਮੁੜਨਾ ਨਹੀਂ,
ਜ਼ਿੰਦਗੀ ਨੇ ਅੱਗੇ ਤੁਰਨਾ ਨਹੀਂ ।

ਤੇਰੇ ਰਤਨਾਂ ਦੀ ਜ਼ਰੂਰਤ ਹੈ,
ਉਸ ਖੇਤ ਮਜ਼ਦੂਰ ਨੂੰ,
ਜੋ ਖੇਤ ਦੀ ਵੱਟ 'ਤੇ ਬਹਿ ਕੇ ਸੋਚਦਾ ਹੈ ।
ਇਹ ਖੇਤ ਤਾਂ ਮੇਰੇ ਨਹੀਂ,
ਮੇਰੀ ਤਾਂ ਸਿਰਫ ਖੁਰਪੀ ਹੈ,
ਜੋ ਆਸਰਾ ਹੈ ਮੇਰੀ ਜ਼ਿੰਦਗੀ ਦਾ ।

ਤੂੰ ਵੀ ਧਨਵਾਨ ਵਾਂਗਰ,
ਹੀ ਸੋਚਦਾ ਏਂ;
ਜਿਸ ਪਾਸ ਬਹੁਤ ਰਤਨ ਨੇ,
ਕੁਝ ਪੱਥਰਾਂ ਦੇ,
ਕੁਝ ਸੋਨੇ ਦੇ,
ਕੁਝ ਕੋਠੀਆਂ ਦੇ ।
ਜਿਸ ਨੂੰ ਪਤਾ ਨਹੀਂ
ਗਰੀਬੀ ਕਿਆ ਚੀਜ਼ ਹੈ ।

ਉਹ ਵੀ ਚੁੱਪ ਹੈ ।
ਤੂੰ ਵੀ ਚੁੱਪ ਹੈਂ ।

ਪਰ ਮੈਂ ਚੁੱਪ ਨਹੀਂ ਹਾਂ,
ਮੈਂ ਤੜਪਦਾ ਹਾਂ ।
ਮੇਰੇ ਪਾਸ ਵੀ ਕੁਝ ਰਤਨ ਹਨ
ਕੁਝ ਸੂਝ ਦੇ,
ਕੁਝ ਵਿਸ਼ਵਾਸ ਦੇ ।
ਕੁਝ ਈਮਾਨ ਦੇ
ਮੈਂ ਇਹਨਾਂ ਨੂੰ
ਨਾਹਰੇ ਬਣਾ ਦਿੰਦਾ ਹਾਂ ।
ਆਕਾਸ਼ ਵਿੱਚ ਉਡਾ ਦਿੰਦਾ ਹਾਂ ।
ਆਪਣੀ ਚੇਤਨਾ ਦੀ ਭੁੱਖ ਮਿਟਾ ਲੈਂਦਾ ਹਾਂ ।

## ਗਰਭ ਦੀ ਜੂਨ ਤਾਂ ਸੌਖੀ ਹੈ

ਹੇ ਮਨ !
ਮਾਂ ਦੇ ਗਰਭ ਦੀ ਜੂਨ ਤਾਂ ਬਹੁਤ ਸੌਖੀ ਹੈ ।

ਕਿਸੇ ਰੁਜ਼ਗਾਰ ਦਾ,
ਕਿਸੇ ਆਹਾਰ ਦਾ,
ਮੈਨੂੰ ਫ਼ਿਕਰ ਨਹੀਂ ਸੀ ।

ਮੇਰਾ ਤਾਂ ਕੋਈ ਧਰਮ ਨਹੀਂ ਸੀ ;
ਮੇਰਾ ਕੋਈ ਦੇਸ਼ ਨਹੀਂ ਸੀ,
ਮਾਂ ਦਾ ਗਰਭ ਹੀ ਮੇਰਾ ਅੰਬਰ ਸੀ ।

ਮੇਰਾ ਕੋਈ ਜਹਾਂ ਨਹੀਂ ਸੀ ;
ਮੇਰਾ ਕੋਈ ਨਾਂ ਨਹੀਂ ਸੀ,
ਨਹੀਂ ਪਤਾ ਸੀ ਮੈਨੂੰ, ਮੇਰਾ ਬਾਪ ਕੌਣ ਹੈ ?

ਕੋਈ ਜਾਤ ਵੀ ਹੁੰਦੀ ਹੈ,
ਕੋਈ ਮਜ਼੍ਹਬ ਵੀ ਹੁੰਦਾ ਹੈ,
ਕੋਈ ਮੰਦਰ ਵੀ ਹੁੰਦਾ ਹੈ,
ਕੋਈ ਰੱਬ ਵੀ ਹੁੰਦਾ ਹੈ ਨਹੀਂ ਪਤਾ ਸੀ ਮੈਨੂੰ,
ਮੇਰਾ ਤਾਂ ਸਭ ਕੁੱਝ, ਮੇਰੀ ਮਾਂ ਸੀ
ਮੇਰਾ ਤਾਂ ਰੱਬ ਵੀ ਮੇਰੀ ਮਾਂ ਸੀ ।

ਹੇ ਮਨ
ਇਸ ਸੰਸਾਰ ਦੀ ਜੂਨ ਬਹੁਤ ਔਖੀ ਹੈ ।
ਇਹ ਨੌਂ ਮਹੀਨੇ ਦੀ ਨਹੀਂ
ਇਹ ਸੱਤ੍ਹਰ ਸਾਲ, ਅੱਸੀ ਸਾਲ ਲੰਮੀ ਹੈ ।

ਇਹ ਗੁਰਬਤ ਦੀ ਜੂਨ
ਇਹ ਪਤਨੀ ਤੋਂ ਵਿਛੋੜੇ ਦੀ ਜੂਨ
ਸਜਨੀ ਦੇ ਵਿਯੋਗ ਦੀ ਜੂਨ
ਬਹੁਤ ਔਖੀ ਹੈ ।

ਰੋਟੀ-ਰੋਜ਼ੀ ਕਮਾਉਣ ਦਾ ਫ਼ਿਕਰ,
ਧੀਆਂ ਪੁੱਤਾਂ ਨੂੰ
ਪੜ੍ਹਾਉਣ ਦਾ,
ਵਿਆਹੁਣ ਦਾ ਫ਼ਿਕਰ ।

ਪੁੱਤ ਦੇ ਖੁਦਕੁਸ਼ੀ ਕਰਨ ਦਾ ਦੁੱਖ,
ਧੀ ਦੇ ਜਲ ਕੇ ਮਰ ਜਾਣ ਦਾ ਦੁੱਖ,
ਇਹ ਹਉਕਿਆਂ ਨਾਲ ਤੜਪਣ ਦੀ ਜੂਨ
ਮੌਤ ਦੇ ਮੂੰਹ ਵਿਚ
ਰੋਗਾਂ ਦੇ ਮੂੰਹ ਵਿਚ
ਕਾਂ ਦੇ ਮੂੰਹ ਚਿੜੀ ਵਾਂਗ
ਫੜਕਣ ਦੀ ਜੂਨ ।

ਕਰਜ਼ਿਆਂ ਦੇ ਭਾਰ ਹੇਠ
ਸ਼ਾਹੂਕਾਰਾਂ ਦੀ ਮਾਰ ਹੇਠ,
ਇਹ ਜਲਾਲਤ ਭਰੀ
ਇਹ ਜਹਾਲਤ ਭਰੀ ਜ਼ਿੰਦਗ਼ੀ ਜਿਊਣ ਦੀ ਜੂਨ ।

ਫਿਰ ਹਾਰ ਕੇ
ਹੰਭ ਕੇ
ਰੁਲ ਰੁਲ਼ ਕੇ ਮਰ ਜਾਣ ਦੀ ਜੂਨ
ਬਹੁਤ ਔਖੀ ਹੈ ।

ਹੇ ਮਨ !
ਇਸ ਸੰਸਾਰ ਦੀ ਜੂਨ ਬਹੁਤ ਔਖੀ ਹੈ ।
ਪਰ ਮਾਂ ਦੇ ਗਰਭ ਦੀ ਜੂਨ ਬਹੁਤ ਸੌਖੀ ਹੈ ।

**

## ਬੰਦ ਦਰਵਾਜ਼ੇ

ਗੁਰਦੁਆਰੇ ਦੀ ਆਖਰੀ ਪਉੜੀ 'ਤੇ
ਮੈਂ ਮੱਥਾ ਟੇਕਿਆ,
ਅੰਦਰ ਦਾਖਲ ਹੋ ਗਿਆ ।
ਗੁਰਦੁਆਰੇ ਦਾ ਗ੍ਰੰਥੀ
ਮੇਰੀ ਪਹਿਚਾਣ ਲੱਭ ਰਿਹਾ ਸੀ ।

ਇਹ ਕੌਣ ਹੈ
ਕਦੇ ਗੁਰਦੁਆਰੇ ਆਇਆ ਨਹੀਂ ?

ਕਮੇਟੀ ਦਾ ਪ੍ਰਧਾਨ
ਮਾਲਕਾਣੇ ਢੰਗ ਨਾਲ,
ਜੱਗਦੀਆਂ ਬੱਤੀਆਂ ਬੁਝਾ ਰਿਹਾ ਸੀ ।

ਰਾਗੀ ਕੀਰਤਨ ਕਰ ਰਹੇ ਹਨ,
ਦੀਵਾਰ 'ਤੇ ਟੰਗੀ ਘੜੀ ਦੀ
ਹਿੱਲਦੀ ਸੂਈ ਵੱਲ ਦੇਖ ਰਹੇ ਹਨ ।

ਇਕ ਸੇਵਾਦਾਰ
ਗਰਮ ਗਰਮ ਕੜਾਹ-ਪ੍ਰਸ਼ਾਦ ਦੀ
ਛੋਟੀ ਜਿਹੀ ਕੜਾਹੀ
ਮਿਥੀ ਥਾਂ 'ਤੇ ਰੱਖ ਰਿਹਾ ਹੈ ।

ਦੋ ਔਰਤਾਂ
ਹੌਲੀ ਹੌਲੀ ਇਕ-ਦੂਜੇ ਦੀ
ਖਬਰਸਾਰ ਪੁੱਛ ਰਹੀਆਂ ਹਨ ।

ਇਕ ਬਿਰਧ ਔਰਤ
ਅੱਖਾਂ ਮੀਟ ਕੇ
ਹੱਥ ਜੋੜ ਕੇ, ਰੱਬ ਨੂੰ ਧਿਆ ਰਹੀ ਹੈ,
ਕੀਤੇ ਗੁਨਾਹਾਂ ਦੀ ਮਾਫੀ ਮੰਗ ਰਹੀ ਹੈ ।
ਪੰਜ-ਦੱਸ ਬੰਦੇ
ਬਿਖਰ ਕੇ ਬੈਠੇ ਕੀਰਤਨ ਸੁਣ ਰਹੇ ਹਨ ।

ਮਾਂ ਨਾਲ ਆਇਆ ਬੱਚਾ
ਚਿੱਟੀ ਚਾਦਰ 'ਤੇ ਟਪੂਸੀਆਂ ਮਾਰਦਾ
ਖੇਡ ਰਿਹਾ ਹੈ ।
ਬਾਬਾ ਜੀ ਦੀ ਤਾਬਿਆ ਬੈਠਾ ਭਾਈ
ਮਨ ਵਿਚ ਹੀ ਉਸਨੂੰ ਘੂਰਦਾ ਹੈ ।

ਇਕ ਮੁੰਨੀ ਹੋਈ ਦਾੜ੍ਹੀ ਵਾਲਾ
ਗਰੀਬ ਜਿਹਾ ਬੰਦਾ;
ਮੱਥਾ ਟੇਕ ਕੇ ਵਾਪਸ ਮੁੜ ਰਿਹਾ ਏ ।
ਰਾਗੀ ਸੋਚਦੇ ਹਨ
ਇਹ ਕੀ ਕਰਨ ਆਇਆ ਸੀ ?

ਸ਼ਾਇਦ ਗੁਰਦੁਆਰੇ ਦੇ
ਕਿਸੇ ਖੂੰਜੇ ਵਿਚ
ਰੱਬ ਵੀ ਬੈਠਾ ਸੀ
ਉਹ ਸਭ ਕੁਝ ਦੇਖਦਾ ਸੀ ।

ਇਹ ਕੀ ਹੋ ਰਿਹਾ ਹੈ ?
ਮੈਂ ਰੱਬ ਨੂੰ ਪੁੱਛਿਆ ।
ਇਹ ਕਰਮ-ਕਾਂਡ ਹੈ;
ਰੱਬ ਨੇ ਕਿਹਾ ।

ਖੁਲ੍ਹੇ ਹਨ, ਦਰਵਾਜ਼ੇ ਤੇ ਬਾਰੀਆਂ
ਗੁਰਦੁਆਰੇ ਦੀਆਂ ਸਭ ।
ਬੰਦ ਨੇ ਮਨ ਦੇ ਦਰਵਾਜ਼ੇ ਤੇ ਬਾਰੀਆਂ
ਗੁਰਦੁਆਰੇ ਆਏ ਫਿਰਦੇ ਮਨੁੱਖਾਂ ਦੀਆਂ ।

ਮਨ ਦੇ ਗੁਰਦੁਆਰੇ ਵਿਚ
ਜਿਥੇ ਰੱਬ ਵਸਦਾ ਹੈ,
ਕੋਈ ਨਹੀਂ ਵੜਦਾ;
ਉਸਦਾ ਕੋਈ ਬੂਹਾ ਨਹੀਂ ਖੋਲ੍ਹਦਾ ।

ਜਿਸ ਦਿਨ
ਇਹ ਦਰਵਾਜ਼ਾ ਖੁਲ੍ਹ ਗਿਆ,
ਮੰਦਰਾਂ ਦੇ
ਗੁਰਦੁਆਰਿਆਂ ਦੇ
ਸਭ ਬੂਹੇ ਬੰਦ ਹੋ ਜਾਣਗੇ ।
ਹਰ ਮਨ ਦਾ ਗੁਰਦੁਆਰਾ
ਖੁਲ੍ਹ ਜਾਵੇਗਾ ।

✵✵

## ਦੀਵਾਲੀ ਦੇ ਦਿਨ

ਦੀਵਾਲੀ ਦਾ ਦਿਨ ਸੀ;
ਸ਼ਾਮ ਦਾ ਵੇਲਾ ਸੀ;
ਲੜੀਆਂ ਜਗ ਪਈਆਂ ਸਨ;
ਪਟਾਕੇ ਵੱਜ ਰਹੇ ਸਨ ।
ਦੁਕਾਨਾਂ 'ਤੇ ਭੀੜ
ਰੌਣਕਾਂ ਚਾਰੇ ਤਰਫ ਸਨ ।

ਮੈਂ ਸੈਰ ਕਰਦਾ,
ਦੀਵਾਲੀ ਦੀਆਂ ਰੌਣਕਾਂ ਦੇਖਦਾ,
ਪਟਾਖਿਆਂ ਦੀ ਧਮਕ ਤੋਂ ਡਰਦਾ,
ਘਰ ਨੂੰ ਮੁੜ ਰਿਹਾ ਸਾਂ ।

ਅਚਾਨਕ ਮੈਂ ਕੁਝ ਦੇਖਿਆ ।
ਦੀਵਾਲੀ ਦੀਆਂ ਬੱਤੀਆਂ
ਸਭ ਮੇਰੇ ਲਈ ਬੁੱਝ ਗਈਆਂ ।
ਪਟਾਖਿਆਂ ਦੀ ਆਵਾਜ਼ ਦੇ ਅਰਥ ਬਦਲ ਗਏ;
ਮਿਠਾਈਆਂ ਦਾ ਸੁਆਦ
ਭੈੜਾ ਹੋ ਗਿਆ ।

ਸੜਕ ਦੇ ਕਿਨਾਰੇ,
ਇਕ ਰੈਗ-ਪਿੱਕਰ ਵਿਚਾਰੀ ,
ਬਹੁਤ ਮੈਲੇ ਕਪੜਿਆਂ ਵਿਚ,
ਸੀਮਿੰਟ ਦੇ ਥੈਲਿਆਂ ਨੂੰ ਸੀ ਕੇ
ਬਣਾਏ ਵੱਡੇ ਸਾਰੇ ਬੋਰੇ ਨੂੰ,
ਸਰ੍ਹਾਣਾ ਬਣਾ,
ਇਕ ਬਿਰਖ ਦੇ ਹੇਠਾਂ ਲੇਟੀ ਹੋਈ
ਆਪਣੇ ਬੱਚੇ ਨੂੰ ਦੁੱਧ ਚੁੰਘਾ ਰਹੀ ਸੀ ।

ਇਕ ਹੋਰ ਚਾਰ ਕੁ ਸਾਲ ਦਾ ਬੱਚਾ,
ਕੱਲ੍ਹ ਦਾ ਗਰੀਬ ਮਨੁੱਖ, ਕੋਲ ਖੜ੍ਹਾ ਹੈ
ਸ਼ਾਇਦ ਉਸ ਲਈ ਅੱਜ ਦੀਵਾਲੀ ਨਹੀਂ ਸੀ ।

ਉਸ ਗਰੀਬ ਔਰਤ ਨੇ,
ਉਸ ਗਰੀਬ ਬੱਚੇ ਨੇ,
ਦੀਵਾਲੀ ਦੇ ਤਿਉਹਾਰ ਨੂੰ,
ਆਪਣੇ ਮਨ ਦੇ ਘਰ 'ਚੋਂ
ਕਿਵੇਂ ਕੱਢਿਆ ਹੋਵੇਗਾ ?
ਇਸ ਹਕੀਕਤ ਤੋਂ ਕਿਵੇਂ ਮੁਨਕਰ ਹੋਏ ਹੋਣਗੇ ?

ਮੇਰੀ ਰੂਹ ਕੰਬ ਗਈ;
ਮੈਂ ਉਦਾਸ ਹੋ ਗਿਆ;
ਇਹਨਾਂ ਦੇ ਜੀਵਨ ਵਿਚ
ਦੀਵਾਲੀ ਕਦੋਂ ਹੋਵੇਗੀ, ਕਦੋਂ ਦੀਪ ਜਗਣਗੇ ।

ਮੇਰੀ ਆਤਮਾ ਮੈਨੂੰ ਰੋਕ ਕੇ
ਮੇਰੇ ਸਾਹਮਣੇ ਖੜ੍ਹੀ ਹੋ ਗਈ ।
ਮੈਨੂੰ ਪੁੱਛ ਰਹੀ ਸੀ;
ਕੀ ਇਹਨਾਂ ਨੂੰ ਤੁਸੀਂ ਗਰੀਬ ਬਣਾਇਆ ਹੈ ?
ਜਾਂ ਰੱਬ ਨੇ ?

ਮੇਰੇ ਪਾਸ ਕੋਈ ਉੱਤਰ ਨਹੀਂ ਸੀ ।
ਬੱਸ ਜੀਅ ਕਰ ਰਿਹਾ ਸੀ,
ਮੈਂ ਸਿਧਾਰਥ ਹੋ ਜਾਵਾਂ,
ਜੰਗਲਾਂ ਨੂੰ ਤੁਰ ਜਾਵਾਂ ।

**

## ਮੁੜ ਜੰਮਾਂਗੇ

ਇਸ ਯੁੱਗ ਦੇ ਮਾਲਕ
ਬਹੁਤ ਫਿਕਰਮੰਦ ਸਨ;
ਇਹ ਖ਼ਬਰ ਪੜ੍ਹ ਕੇ
ਦੋ-ਹਜ਼ਾਰ-ਬਾਰਾਂ ਵਿਚ
ਇਕ ਪਰਲੋ ਆਵੇਗੀ;
ਇਹ ਸੰਸਾਰ ਖ਼ਤਮ ਹੋ ਜਾਵੇਗਾ ।

ਇਹ ਸੰਸਾਰ,
ਜਿੱਥੇ ਫਰਕ ਹੈ;
ਗੋਰੇ ਤੇ ਕਾਲੇ ਦਾ ।
ਜਿੱਥੇ ਫਰਕ ਹੈ, ਜਾਤ ਕੁ-ਜਾਤ ਦਾ;
ਗਰੀਬ ਤੇ ਅਮੀਰ ਦਾ ।
ਜਿੱਥੇ ਕਰੋੜਾਂ ਹੀ ਲੋਕਾਂ ਨੂੰ
ਕਿਸੇ ਸੋਚ ਦੇ ਅਧੀਨ, ਗਰੀਬ ਬਣਾਇਆ ਹੈ ਜਾਂਦਾ ।
ਹੀਣ-ਭਾਵਨਾ ਵਿਚ
ਜੀਅ ਰਹੇ ਇਹ ਕਰੋੜਾਂ ਹੀ ਲੋਕ ।

ਇਹ ਸੰਸਾਰ,
ਜਿੱਥੇ ਲੁੱਟ ਹੈ;
ਹਰ ਮਿਹਨਤ ਦੀ
ਜਿਸਮ ਦੇ ਹਰ ਪਸੀਨੇ ਦੀ ।
ਜਿਥੇ :
ਗੰਦੀਆਂ ਦਲਦਲਾਂ ਵਿਚ,
ਭੁੱਖਿਆਂ ਤੇ ਫਾਕਿਆਂ ਸੰਗ,
ਜਿਊਣ ਲਈ ਮਜਬੂਰ ਹੈ ।
ਕੁਦਰਤ ਦਾ ਹਰ ਉਹ ਜੀਵ
ਜਿਸ ਨੂੰ :
ਇਹ ਲੋਕ ਮਨੁੱਖ ਕਹਿੰਦੇ ਹਨ ।

ਚੰਗਾ ਹੋਵੇਗਾ,
ਗਰਕ ਹੋ ਜਾਵੇ ਜੇ ਇਹ ਕਮੀਨਾ ਸੰਸਾਰ ।

ਮੇਰੀ ਹੀਣਤਾ
ਮੇਰੀ ਗਰੀਬੀ ਦੇ ਉਹ ਸਭ ਕਾਰਨ;
ਗਰਕ ਹੋ ਜਾਵਣਗੇ ।

ਮੇਰਾ ਸਵੈਮਾਣ
ਮੇਰੇ ਸੁੱਖ, ਮੁੜ ਜਨਮ ਲੈਣਗੇ ।

ਮੇਰੀ ਕਵਿਤਾ ਤੇ ਮੈਂ
ਮੁੜ ਜੰਮਾਂਗੇ ।

## ਰੋਜ਼ ਗਾਰਡਨ ਦਾ ਰੱਬ

ਅੱਜ ਮੈਂ
ਬੜੀ ਦੇਰ ਬਾਅਦ
ਰੋਜ਼-ਗਾਰਡਨ ਆਇਆ ਹਾਂ ।

ਮਨੁੱਖ ਦੀ ਰਚਨਾ ਨੂੰ,
ਸੁੰਦਰਤਾ ਪ੍ਰਤੀ
ਮਨੁੱਖ ਦੀ ਤ੍ਰਿਸ਼ਨਾ ਨੂੰ,
ਕੁਦਰਤ ਦੇ ਹੁਸਨ ਨੂੰ, ਸਿਰ ਝੁਕਾਉਣ ਆਇਆ ਹਾਂ ।

ਮੈਂ ਕਵੀ
ਸ਼ਬਦਾਂ ਦਾ ਆਸ਼ਕ;
ਕੁਦਰਤ ਦਾ ਉਪਾਸ਼ਕ;
ਬੁੱਢੇ ਫਲਾਂ ਨੂੰ,
ਛੋਟੇ ਫੁੱਲਾਂ ਨੂੰ,
ਗੋਰੇ ਫੁੱਲਾਂ ਨੂੰ,
ਕਾਲੇ ਫੁੱਲਾਂ ਨੂੰ,
ਜੋਬਨ ਮੱਤੇ ਹੰਕਾਰੀ ਫੁੱਲਾਂ ਨੂੰ ਦੇਖਦਾ ਹਾਂ ਪਿਆ ।

ਅੰਞਾਣੇ ਬੂਟਿਆਂ ਨੂੰ,
ਬੌਣੇ ਬੂਟਿਆਂ ਨੂੰ,
ਹਾਲਾਤ ਦੇ ਪਕੜੇ ਜੱਕੜੇ ਪੌਦਿਆਂ ਨੂੰ,
ਜੋ ਵੱਧਣ-ਫੁੱਲਣ ਲਈ ਲੋਚਦੇ ਨੇ,
ਬੁੱਢੇ ਹੋਏ ਪੌਦਿਆਂ ਦੀਆਂ
ਬੁੱਢੀਆਂ ਹੋਈ ਜੜ੍ਹਾਂ, ਦੇਖਦਾ ਹਾਂ ਪਿਆ ।

ਜ਼ਿੰਦਗੀ ਨਾਲ ਭਰਪੂਰ
ਹੁਸਨ ਦੇ ਮਜਾਜ ਵਿੱਚ ਫੁੱਲਾਂ ਨੂੰ,

ਮੁਰਝਾਏ ਹੋਏ ਫੁੱਲਾਂ ਨੂੰ
ਜਿਹਨਾਂ ਦਾ ਰੰਗ ਰੂਪ ਉੱਡ ਗਿਆ ਏ,
ਨੀਝ ਨਾਲ ਦੇਖਦਾ ਹਾਂ,
ਇਕ ਹਉਕਾ ਭਰ ਲੈਂਦਾ ਹਾਂ ।

ਫੁੱਲਾਂ ਦੀਆਂ ਝੜੀਆਂ ਪੱਤੀਆਂ ਨੂੰ
ਕੁਝ ਜੋ ਮਿੱਟੀ 'ਚ ਮਿਲ ਗਈਆਂ ਨੇ,
ਕੁਝ ਜੋ ਮਿੱਟੀ 'ਚ ਮਿਲ ਜਾਣਗੀਆਂ,
ਨੂੰ ਵੇਖਦਾ ਹਾਂ, ਸੋਚਦਾ ਹਾਂ ;
ਅਗਲੇ ਮੌਸਮ ਵਿਚ
ਡੋਡੀਆਂ ਦੇ ਰੂਪ ਵਿਚ ਮੁੜ ਆਉਣ ਲਈ ਆਖਦਾ ਹਾਂ ।

ਰੋਜ਼-ਗਾਰਡਨ ਦੇ
ਫੁੱਲ ਬੂਟੇ ਵੀ ਸੋਚਦੇ ਨੇ;
ਇਹ ਅਜਬ ਬੰਦਾ ਹੈ,
ਕੀ ਕੀ ਵੇਖਦਾ ਹੈ,
ਇਹ ਸਾਡੀਆਂ ਜੜ੍ਹਾਂ ਨੂੰ ਦੇਖਦਾ ਹੈ,
ਸਾਡੀ ਹੁਸਨ-ਨਸੀਬੀ ਨੂੰ ਦੇਖਦਾ ਹੈ,
ਸਾਡੀ ਬਦ-ਨਸੀਬੀ ਨੂੰ ਦੇਖਦਾ ਹੈ ।

ਇਸ ਰੋਜ਼ ਗਾਰਡਨ ਦਾ ਚੁਗਿਰਦਾ,
ਇਸ ਦੇ ਰੰਗਲੇ ਬਿਰਖ,
ਕੋਈ ਕੋਈ ਕਰਦਾ ਏ ਇਹਨਾਂ ਦੀ ਨਿਰਖ ।
ਉੱਚਾ ਉਠਦਾ ਫੁਹਾਰਾ,
ਇਹ ਮਨੁੱਖ ਦੀ ਬੁੱਧ ਦਾ ਨਜ਼ਾਰਾ ।
ਕੌਣ ਇਸ ਦਾ ਨਿਰਮਾਤਾ;
ਇਹ ਕਿਸ ਰੱਬ ਦੀ ਕਲਪਣਾ ਸੀ ।

ਇਸ ਰੋਜ਼ ਗਾਰਡਨ ਦੇ ਰੱਬ ਅੱਗੇ
ਮੇਰਾ ਸਿਰ ਝੁੱਕ ਜਾਂਦਾ ਏ ।

ਇਹ ਫੁੱਲ,
ਇਹ ਪੌਦੇ,
ਇਹ ਬਿਰਖ,
ਆਪਣੇ ਰੱਬ ਨੂੰ ਨਹੀਂ ਜਾਣਦੇ ।
ਮੈਂ ਉਸ ਰੱਬ ਨੂੰ ਜਾਣਦਾ ਹਾਂ,
ਪਹਿਚਾਣਦਾ ਹਾਂ ।

ਉਹਨਾਂ ਦਾ ਰੱਬ ਅੱਜ ਜਿਊਂਦਾ ਨਹੀਂ;
ਬਹੁਤ ਦੇਰ ਪਹਿਲਾਂ ਮਰ ਗਿਆ ਹੈ ।
ਮੈਂ ਵੀ ਉਸ ਨੂੰ ਦੇਖਿਆ ਨਹੀਂ ।

ਫੁੱਲਾਂ ਨੇ ਵੀ,
ਫੁੱਲਾਂ ਦੇ ਬੂਟਿਆਂ ਨੇ ਵੀ,
ਉਸ ਨੂੰ ਕਦੇ ਦੇਖਿਆ ਨਹੀਂ ।
ਫੁੱਲ ਵੀ ਉਸ ਨੂੰ ਮਹਿਸੂਸ ਕਰਦੇ ਹਨ ।
ਮੈਂ ਵੀ ਉਸ ਨੂੰ ਮਹਿਸੂਸ ਕਰਦਾ ਹਾਂ ।

ਰੱਬ ਤਾਂ ਦੇਖਿਆ ਨਹੀਂ ਜਾਂਦਾ
ਮਹਿਸੂਸ ਹੀ ਕੀਤਾ ਜਾ ਸਕਦਾ ਹੈ ।
ਪਰ ਮੈਂ ਉਸ ਰੱਬ ਨੂੰ ਪਹਿਚਾਣਦਾ ਹਾਂ ।
ਕਿਉਂਕਿ ਮੈਂ ਇਕ ਕਵੀ ਹਾਂ ।

✵✵

# ਹੁਣ ਮੈਂ ਗੁੰਮ ਹਾਂ

ਦੇਖਣਾ ਤਾਂ,
ਸੁਣਨਾ ਤਾਂ,
ਸਿਰਫ਼ ਕਰਮ ਹੈ ।

ਦੇਖ ਕੇ
ਸੁਣ ਕੇ, ਮੰਨ ਲਿਆ ;
ਉਹੀ ਗਿਆਨ ਹੈ ।

ਮੈਂ ਇਸ ਧਰਤ ਨੂੰ ਦੇਖਿਆ,
ਇਸ ਸੂਰਜ ਨੂੰ ਦੇਖਿਆ ;
ਜਦ ਕੁੱਝ ਸਮਝ ਆਈ,
ਮੇਰਾ ਗਿਆਨ ਬਣ ਗਏ ।

ਆਪਣਿਆਂ ਨੂੰ,
ਬੇਗਾਨਿਆਂ ਨੂੰ,
ਜਦੋਂ ਦੇਖਿਆ, ਪਹਿਚਾਣਿਆ ;
ਉਹ ਮੇਰਾ
ਰਿਸ਼ਤਿਆਂ ਦਾ ਸੰਸਾਰ ਬਣ ਗਏ ।

ਮੰਨਣ ਤੋਂ ਬਾਅਦ,
ਗਿਆਨ ਤੋਂ ਬਾਅਦ,
ਜੋ ਮੇਰਾ ਪੰਧ ਸ਼ੁਰੂ ਹੋਇਆ,
ਇੱਕ ਵੱਖਰਾ ਹੀ ਅਨੰਦ ਸ਼ੁਰੂ ਹੋਇਆ ।

ਫਿਰ ਭਾਵਨਾ ਦਾ,
ਦਿਲ ਦੀ ਕਾਮਨਾ ਦਾ,
ਮਨ ਦੀ ਸਾਧਨਾ ਦਾ,
ਜਦ ਮੇਰਾ ਇਹ ਪੰਧ ਸ਼ੁਰੂ ਹੋਇਆ,
ਇਸ ਵਿਚ ਸ਼ਬਦ ਗੁਰੂ ਹੋਇਆ ।

ਕਵਿਤਾ ਫੁੱਟ ਪਈ,
ਮੈਂ ਕਵੀ ਬਣ ਗਿਆ।

ਮੇਰੀ ਭਾਵਨਾ ਨੇ,
ਮੇਰੀ ਕਾਮਨਾ ਨੇ,
ਜਦੋਂ ਦੇਖਿਆ ਤੈਨੂੰ ;
ਤਾਂ ਤੈਨੂੰ ਮੈਂ ਆਪਣਾ ਇਸ਼ਟ ਬਣਾ ਲਿਆ,
ਅਪਣਾ ਇਸ਼ਕ ਬਣਾ ਲਿਆ।

ਮੈਂ ਤੇਰੇ ਦਰ 'ਤੇ
ਜੋਗੀ ਬਣ ਕੇ ਆਇਆ,
ਬਾਰ ਬਾਰ ਆਇਆ।
ਭਿਖਸ਼ਾ ਦੀ ਖਾਤਰ,
ਮੈਂ ਆਪਣਾ ਪਾਤਰ,
ਤੇਰੀ ਦਹਿਲੀਜ ਅੱਗੇ ਫਲਾਇਆ।

ਬੱਸ ਇਕ ਮੁਸਕਾਨ ਹੀ,
ਮੇਰੇ ਪਾਤਰ 'ਚ ਪਈ।

ਮੇਰੀ ਭਾਵਨਾ,
ਮੇਰੀ ਕਾਮਨਾ,
ਤੇਰੇ ਦਰ 'ਤੇ ਆਉਂਦੀ ਰਹੀ।
ਫਿਰ ਉਹੀ ਭੀਖ ਮੰਗਣ ਲਈ।

ਪਰ ਤੂੰ ਅਲੋਪ ਹੋ ਗਈ।

ਮੈਂ ਰੋ ਪਿਆ,
ਮੇਰੀ ਕਵਿਤਾ ਵੈਰਾਗਣ ਹੋ ਗਈ,
ਉਸ ਨੂੰ ਕੁਝ ਨਹੀਂ ਮਿਲਿਆ।
ਬੱਸ ਹਉਕੇ,
ਹਾਵੇ ਤੇ ਨਿਰਾਸ਼ਾ ਹੀ ਮਿਲੀ।

ਮੈਂ ਇਕ ਦਿਨ
ਹਾਰ ਕੇ,
ਹੰਭ ਕੇ,
ਪ੍ਰਭੂ ਨੂੰ ਕਿਹਾ,

ਹੇ ਪ੍ਰਭੂ ਮੇਰਾ ਕੀ ਦੋਸ਼ ਹੈ ?

"ਪਗਲੇ,
ਤੂੰ ਮੈਥੋਂ ਕਦੇ ਕੁੱਝ ਮੰਗਿਆ ਹੀ ਨਹੀਂ,
ਮੰਗ ਕੇ ਤਾਂ ਦੇਖ ।"

ਮੈਂ ਉਸ ਦੇ ਚਰਨਾਂ ਵਿੱਚ ਡਿੱਗ ਪਿਆ ।
ਰੋ ਰੋ ਕੇ ਪਿਘਲ ਗਿਆ ।

ਅਸੀਸ ਦੀ ਵਰਖਾ ਹੋਈ
ਮੈਂ ਅਨੰਦਤ ਹੋ ਗਿਆ ।

ਤੂੰ ਜਾਗ ਪਈ
ਮੈਨੂੰ ਲੱਭਣ ਲਈ ਤੁਰ ਪਈ

ਪਰ ਹੁਣ ਮੈਂ ਗੁੰਮ ਹਾਂ,

ਤੂੰ ਮੈਨੂੰ ਲੱਭਦੀ ਫਿਰਦੀ ਏਂ.....
ਤੂੰ ਮੈਨੂੰ ਲੱਭਦੀ ਫਿਰਦੀ ਏਂ ।

**

# ਕਵਿਤਾ ਦੇ ਨਾਹਰੇ

ਜ਼ਿੰਦਗੀ ਤੋਂ ਉਪਰਾਮ,
ਕੁੰਜ-ਕੁਆਰਾ, ਸੰਤ ਮਾਧੋ ਦਾਸ ।
ਉਸ ਦਾ ਡੇਰਾ,
ਮੰਦਰ ਦੇ ਸਾਹਮਣੇ ਤਲਾਅ ਵਿਚ
ਲਹਿਰਾਂ ਜਾਗਦੀਆਂ ।

ਤਲਾਅ ਦੇ ਕਿਨਾਰੇ,
ਆਕਾਸ਼ ਨੂੰ ਛੂੰਹਦਾ ਬੋੜ੍ਹ ।

ਇਹ ਬ੍ਰਹਮ-ਬਿਰਖ,
ਜਿਸ ਨੂੰ ਸੰਤ-ਮਾਧੋ ਦਾਸ ਵਾਂਗ
ਕੋਈ ਫੁਲ ਨਹੀ ਲੱਗਦਾ
ਇਹ ਬਿਰਖ ਰੱਬ ਵਲ ਵੇਂਹਦਾ ।

ਹਰ ਸ਼ਾਮ ਨੂੰ
ਪੰਛੀਆਂ ਦੀਆਂ ਡਾਰਾਂ ਘਰ ਵਾਪਸ ਆਉਂਦੀਆਂ
ਬੋੜ੍ਹ 'ਤੇ ਬਹਿੰਦੀਆਂ
ਪੰਛੀ ਚਹਿਕਦੇ
ਕੁਦਰਤ ਪੈਰਾਂ ਵਿਚ ਘੁੰਗਰੂ ਪਾ ਕੇ ਨੱਚਦੀ ।

ਮੈਂ ਤਲਾਅ ਦੇ ਕਿਨਾਰੇ,
ਬੈਠ ਘੁੰਗਰੂਆਂ ਦੀ ਆਵਾਜ਼ ਸੁਣਦਾ,
ਰੱਬ ਨਾਲ ਗੱਲਾਂ ਕਰਦਾ ।

ਜਿਉਂ ਸੂਰਜ ਡੁੱਬਦਾ,
ਤਾਰੇ ਚੜ੍ਹਦੇ
ਪੰਛੀ ਸ਼ਾਂਤ ਹੋ ਜਾਂਦੇ, ਸੌਂ ਜਾਂਦੇ ।

ਟਿਕੀ ਰਾਤ ਵਿਚ ਚੰਦਰਮਾ
ਤਲਾਅ ਦੇ ਸ਼ੀਸ਼ੇ 'ਚ
ਅਪਣਾ ਮੂੰਹ ਦੇਖਦਾ ।

ਰਾਤ ਸ਼ਾਂ ਸ਼ਾਂ ਕਰਦੀ ।
ਤਾਰੇ ਆਕਾਸ਼ ਵਿੱਚ ਗੱਲਾਂ ਕਰਦੇ,
ਕੱਕਰ ਕਿਰਨ ਕਿਰਨ ਕਿਰਦਾ ।
ਮਾਧੋ ਦਾਸ,
ਮੰਦਰ ਦੇ ਦੇਵਤੇ ਸੌਂ ਰਹੇ ਹੁੰਦੇ ।
ਬੋੜ੍ਹ ਦੀ ਛਾਤੀ 'ਚੋਂ
ਇਕ ਉੱਲੂ ਨਿਕਲਦਾ ।
ਆਕਾਸ਼ ਵਿਚ ਉੱਡਦਾ,
ਨੇੜੇ ਦੇ ਵਾਹਣ ਵਿਚ ਬੈਠਦਾ,
ਆਪਣੇ ਪੰਜਿਆਂ ਵਿੱਚ ਇਕ ਢੀਮ ਚੁੱਕਦਾ,
ਇਹ ਹਨ੍ਹੇਰੇ ਦਾ ਸ਼ੈਤਾਨ
ਆਕਾਸ਼ ਵਿਚ ਫਿਰ ਉੱਡਦਾ ।

ਚੰਦਰਮਾ ਗਵਾਹ ਬਣ ਕੇ
ਸਭ ਕੁੱਝ ਦੇਖਦਾ, ਪਰ ਚੁੱਪ ਰਹਿੰਦਾ ।

ਉੱਲੂ ਬੋੜ੍ਹ ਦੀ ਟੀਸੀ 'ਤੇ
ਖੜ੍ਹਾ ਖੜ੍ਹਾ ਹੀ ਉੱਡਦਾ,
ਉਹ ਸ਼ਾਤਰ ਪੰਜਿਆਂ 'ਚੋਂ ਢੀਮ ਛੱਡਦਾ ।

ਪੱਤਿਆਂ ਵਿਚ ਖੜ ਖੜ ਹੁੰਦੀ,
ਸੁੱਤੀ ਪਈ ਰਾਤ ਜਾਗਦੀ,
ਪੰਛੀ ਡਰ ਕੇ ਉੱਡਦੇ,
ਕੁੱਝ ਪੰਛੀ ਚੀਕਦੇ,

ਬੋੜ੍ਹ 'ਚੋਂ ਬਾਹਰ ਆ ਉੱਡਦੇ
ਮੌਤ ਘੂਰਦੀ ਬੁੜਬੁੜਾਉਂਦੀ,
ਬੇਵਕੂਫਾ ਛੇਤੀ ਕਰ
ਉੱਲੂ ਇਕ ਉੱਡਦੇ ਪੰਛੀ ਨੂੰ ਫੜਦਾ,
ਚੀਂ.......ਚੀਂ.....ਹੁੰਦੀ
ਮੌਤ ਆਪਣਾ ਨਾਚ ਨੱਚਦੀ, ਮੁਸਕਰਾਉਂਦੀ ।
ਉੱਲੂ ਦੇ ਪੰਜੇ ਵਿਚ
ਇਕ ਪੰਛੀ ਫੜਫੜਾਉਂਦਾ ਤੜਪਦਾ ।
ਤੜਪਦੇ ਪੰਛੀ ਦੀ ਚੀਂ....ਚੀਂ
ਆਖਿਰ ਬੰਦ ਹੋ ਜਾਂਦੀ, ਖਾਮੋਸ਼ ਹੋ ਜਾਂਦੀ ।

ਸੰਤ ਮਾਧੋ ਦਾਸ ਦੀ ਨੀਂਦ ਤਾਂ ਭਾਵੇਂ ਟੁੱਟਦੀ,
ਪਰ ਆਤਮਾ ਨਾ ਕੰਬਦੀ ।
ਉਹ ਫਿਰ ਰਜਾਈ 'ਚ, ਮੂੰਹ ਦੇ
ਸੌਂ ਗਿਆ ।
ਮੰਦਰ ਦੇ ਦੇਵਤੇ ਵੀ ਜਾਗ ਉੱਠਦੇ ।
ਕਿਉਂ ਚੁੱਪ ਰਹੇ ਸਰਾਪ ਉਹਨਾਂ ਦੇ
ਜੋ ਉਹ ਹਰ ਕਿਸੇ ਦੀ
ਛਾਤੀ 'ਤੇ ਮਾਰ ਦਿੰਦੇ ਨੇ ।
ਉਹ ਮੰਦਰ 'ਚ ਊਂਘਦੇ, ਬੈਠੇ ਰਹੇ ।

ਸੰਤ ਮਾਧੋ ਦਾਸ ਸੌਂ ਗਿਆ ਹੈ
ਮੰਦਰ ਦੇ ਦੇਵਤੇ ਸੌਂ ਗਏ ਹਨ
ਮੈਂ ਤੇ ਮੇਰੀ ਕਵਿਤਾ
ਇਹਨਾਂ ਉੱਲੂਆਂ ਵਿਰੁੱਧ ਨਾਹਰੇ ਲਗਾਉਂਦੇ ਰਹੇ ।

✵✵

# ਮਿੱਟੀ ਦੇ ਸੁਆਲ

ਜਿਸ ਰਾਹ 'ਤੇ
ਮੈਂ ਚੱਲਦਾ ਹਾਂ,
ਉਸ ਰਾਹ 'ਤੇ ਕੋਈ ਬਿਰਖ ਨਹੀਂ ;
ਕੋਈ ਛਾਂ ਨਹੀਂ ;
ਕੋਈ ਗਰਾਂ ਨਹੀਂ ।

ਇਹ ਡੂਗਰ ਰਾਹ ਹੈ ;
ਬਿਖੜਾ ਰਾਹ ਹੈ ।

ਇਸ ਰਾਹ 'ਤੇ,
ਸੱਚ ਦੇ ਸੂਰਜ ਦੀ ਤੇਜ਼ ਧੁੱਪ ਹੈ ।
ਇਸ ਰਾਹ 'ਤੇ,
ਇਕ ਐਸਾ ਰੁੱਖ ਹੈ ।
ਜਿਸ ਨੂੰ ਕੋਈ ਫੁੱਲ ਕਦੇ ਕਦੇ ਹੀ ਲੱਗਦਾ ;
ਕਈ ਸਦੀਆਂ ਬਾਅਦ ।
ਪਰ ਉਸ ਦੀ
ਖੁਸ਼ਬੂ ਬਹੁਤ ਹੈ ।

ਉਸ ਰੁੱਖ ਦੀ ਚਾਹਤ ਵਿਚ,
ਪਤਾ ਨਹੀਂ
ਮੈਂ ਕਿਉਂ ਤੁਰਿਆ ਜਾਂਦਾ ਹਾਂ ।
ਪਾਗਲ ਬਣਿਆ ਜਾਂਦਾ ਹਾਂ ।

ਪਤਾ ਨਹੀਂ
ਮੈਂ ਕਦੋਂ ਦਾ ਤੁਰਿਆ ਹਾਂ,
ਜਨਮ ਜਨਮ ਤੋਂ
ਤੁਰਿਆ ਆ ਰਿਹਾ ਹਾਂ ।
ਹੁਣ ਮੈਂ ਉਸ ਜੰਗਲ 'ਚ ਪੁੱਜ ਗਿਆ ਹਾਂ ।

ਜਿੱਥੇ ਰਿਸ਼ੀਆਂ ਮੁਨੀਆਂ ਦੇ ਡੇਰੇ ਹਨ ;
ਉਹ ਸਮਾਧੀ ਲੀਨ ਹਨ ।

ਇੱਥੇ ਤਕ ਪੁੱਜਦਿਆਂ,
ਦੁੱਖ ਮੈਨੂੰ ਛੱਡ ਗਏ ਹਨ ;
ਸੁੱਖ ਮੈਥੋਂ ਦੂਰ ਭੱਜ ਗਏ ਹਨ ;

ਹੰਕਾਰ ਮੇਰਾ ਮਰ ਗਿਆ ਏ,
ਮੈਂ ਤਾਂ ਸਿਰਫ ਲੋਕਾਂ ਦਾ ਰਹਿ ਗਿਆ ਹਾਂ ।

ਮੈਨੂੰ ਪਤਾ ਹੈ ;
ਇਸ ਤੋਂ ਅੱਗੇ
ਤੂੰ ਮੈਨੂੰ ਤੁਰਨ ਨਹੀਂ ਦੇਣਾ ।
ਮੈਂ ਮਰ ਜਾਣਾ ਹੈ ।

ਮੈਨੂੰ ਇਹ ਵੀ ਪਤਾ ਹੈ ।
ਮੈਂ ਫੇਰ ਜੰਮਾਂਗਾ,
ਇਸ ਜੰਗਲ ਤੋਂ ਅੱਗੇ ਲੰਘਾਂਗਾ ।
ਮੇਰਾ ਅਗਲਾ ਪੜਾਅ ਹੋਵੇਗਾ ;
ਤੇਰਾ ਦਰ,
ਤੇਰਾ ਘਰ ।

ਮੈਂ ਤੇਰੇ ਨਾਲ ਬਹਿ ਕੇ
ਗੱਲਾਂ ਕਰਾਂਗਾ ।
ਕਈ ਸੁਆਲ ਪੁੱਛਾਂਗਾ ;
ਮਨੁੱਖ ਦੇ ਦਰਦਾਂ ਦੀ ਮੱਦ ਰੱਖਾਂਗਾ ।

ਇਸ ਧਰਤੀ ਦੇ ਕਰੋੜਾਂ ਲੋਕ
ਇੰਨੇ ਗਰੀਬ ਕਿਉਂ ਹਨ ?
ਨਿਥਾਵੇਂ ਕਿਉਂ ਹਨ ?
ਇਥੇ ਕੁਝ ਲੋਕ
ਇੰਨੇ ਅਮੀਰ ਕਿਉਂ ਹਨ ?
ਤੂੰ ਕੋਈ ਉਤਰ ਨਹੀਂ ਦੇਵੇਂਗਾ;
ਚੁੱਪ ਹੋ ਜਾਵੇਂਗਾ ।

ਮੈਨੂੰ ਤਾੜ ਕੇ,
ਘੂਰ ਕੇ ਆਖਾਂਗੇ;
ਤੇਰੇ ਸੁਆਲ ਤਾਂ ਅਜੇ ਮੁੱਕੇ ਨਹੀਂ,
ਜਿਸ ਦੇ ਸਾਰੇ ਸੁਆਲ,
ਮਰਦੇ ਨਹੀਂ,
ਸ਼ਾਂਤ ਨਹੀਂ ਹੁੰਦੇ,
ਉਹ ਤਾਂ ਇਸ ਦਰ ਤਕ ਪੁੱਜਦਾ ਨਹੀਂ ।
ਤੂੰ ਕਿਵੇਂ ?
ਇਹ ਮਿੱਟੀ ਦੇ ਸੁਆਲ ਹਨ,
ਇਹ ਦੇ ਜਵਾਬ ਵੀ ਮਿੱਟੀ 'ਚ ਉਗਦੇ ਨੇ ।

ਇਹ ਤਾਂ ਨੂਰ ਦਾ ਪਿੰਡ ਹੈ
ਇਥੇ ਤਾਂ ਨੂਰ ਦੀ ਹੀ
ਗੱਲ ਹੋ ਸਕਦੀ ਹੈ ।

**